# 4
# ਖ਼ੁਦਾ ਵੱਲੋਂ ਦਿੱਤੇ ਨਮੂਨੇ ਨੂੰ ਮੰਨਣਾ
# (1 ਤਿਮੋਥਿਉਸ 4)

*''ਜੇ ਤੂੰ ਭਰਾਵਾਂ ਦੇ ਅੱਗੇ ਇਹ ਗੱਲਾਂ ਪੇਸ਼ ਕਰੇਂ ਤਾਂ ਤੂੰ ਨਿਹਚਾ ਅਤੇ ਉਸ ਚੰਗੀ ਸਿੱਖਿਆ ਦੀਆਂ ਗੱਲਾਂ ਤੋਂ ਜਿਨ੍ਹਾਂ ਦੇ ਮਗਰ ਤੂੰ ਲੱਗਿਆ ਰਿਹਾ ਪਲ ਕੇ ਮਸੀਹ ਯਿਸੂ ਦਾ ਚੰਗਾ ਸੇਵਕ ਬਣੇਂਗਾ'' (1 ਤਿਮੋਥਿਉਸ 4:6)।*

ਅਧਿਆਇ 4 ਵਿਚ ਉਨ੍ਹਾਂ ਆਗੂਆਂ ਦੀ ਲੋੜ ਦਾ ਪਤਾ ਲਗਦਾ ਹੈ ਜਿਨ੍ਹਾਂ ਦੀ ਚਰਚਾ ਅਧਿਆਇ 3 ਵਿਚ ਮਿਲਦੀ ਹੈ। ਸੰਤਾਂ ਨੂੰ ਇੱਕਠਾ ਰੱਖਣ ਲਈ ਅਗਵਾਈ ਕਰਨ ਵਲਿਆਂ ਦੇ ਨਾ ਹੋਣ ਤੇ (ਵੇਖੋ ਇਬਰਾਨੀਆਂ 13:7), ਕਲੀਸੀਆ ਵਿਚ ਸ਼ੈਤਾਨ ਦੇ ਚੇਲੇ ਵੜ ਆਉਣਗੇ ਅਤੇ ਲੋਕਾਂ ਨੂੰ ਖ਼ੁਦਾ ਤੋਂ ਦੂਰ ਜਾਣ ਲਈ ਉਕਸਾਉਣਗੇ (ਯੂਹੰਨਾ 8:43-45; 2 ਕੁਰਿੰਥੀਆਂ 11:13-15; ਰੋਮੀਆਂ 16:17, 18)। ਅਧਿਆਇ 4 ਨਾਟਕੀ ਢੰਗ ਨਾਲ ਝੂਠੇ ਅਤੇ ਖ਼ੁਦਾ ਦੇ ਵਚਨ ਤੋਂ ਦੂਰ ਕਰਨ ਲਈ ਉਕਸਾਉਣ ਵਾਲੇ ਨਾਕਾਮ ਆਗੂਆਂ ਤੋਂ (4:1-5) ਊਰਜਾ ਦੇ ਭਰੇ ਇਵੈਂਜਲਿਸਟਾਂ ਤਕ ਲੈ ਆਉਂਦਾ ਹੈ, ਜਿਹੜੇ ਲੋਕਾਂ ਨੂੰ ਖ਼ੁਦਾ ਦੇ ਵਚਨ ਨਾਲ ਦਲੇਰ ਕਰਦੇ ਹੋਏ ਆਪਣਾ ਅਤੇ ਸੁਣਨ ਵਾਲਿਆਂ ਦਾ ਬਚਾਅ ਕਰਦੇ ਹਨ (4:12-16)। ਇਹ ਬਦਲਾਅ ''ਖਰੀ ਸਿੱਖਿਆ'' (4:6-8) ਦੀ ਖੁਰਾਕ ਨਾਲ ਹੀ ਸੰਭਵ ਹੁੰਦਾ ਹੈ ਅਤੇ ਰਸੂਲਾਂ ਵੱਲੋਂ ਦਿੱਤੇ ਨਮੂਨੇ ਰਾਹੀਂ ਵਿਖਾਇਆ ਜਾਂਦਾ ਹੈ (4:9-12)। ਇਸ ਤਰ੍ਹਾਂ ਇਸ ਅਧਿਆਇ ਤੋਂ ਪਤਾ ਲਗਦਾ ਹੈ ਕਿ ਖ਼ੁਦਾ ਦੇ ਵਚਨ ਦੀ ਬਹੁਤ ਲੋੜ ਹੈ ਅਤੇ ਇਹ ਕਿ ਇਸ ਦੀ ਵਰਤੋਂ ਕਿਵੇਂ ਕੀਤੀ ਜਾਣੀ ਚਾਹੀਦੀ ਹੈ।

## ਪਾਠ 10: ਬੇਦੀਨ ਯੋਜਨਾ (4:1-5)

### ਉਨ੍ਹਾਂ ਦੇ ਭਟਕਣ ਦੀ ਪੱਕੀ ਗੱਲ (ਆਇਤ 1)

ਅਧਿਆਇ 4 ਦਾ ਪਹਿਲਾ ਹੀ ਸ਼ਬਦ ''ਪਰ'' ਪੌਲੁਸ ਵੱਲੋਂ ਚੰਗੇ ਵਿਹਾਰ ਵਾਲੇ ਲੋਕਾਂ (ਅਧਿਆਇ 3) ਤੋਂ ''ਭੂਤਾਂ ਦੀਆਂ ਸਿੱਖਿਆਵਾਂ'' (4:1) ਵਾਲੇ ਲੋਕਾਂ ਵੱਲ ਮੋੜਨ ਦਾ ਸੰਕੇਤ ਦਿੰਦਾ ਹੈ।

ਸਾਨੂੰ ਇਸ ਚਿਤਾਵਨੀ ਤੇ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ ਪਵਿੱਤਰ ਆਤਮਾ ਨੇ ਇਸ ਨੂੰ ''ਸਾਹ'' ਦੱਸਿਆ ਹੈ। ਬਿਲਕੁਲ ਇਵੇਂ ਹੀ ਹੋਵੇਗਾ ਅਤੇ ਸਾਨੂੰ ਇਸ ਤੇ ਯਕੀਨ ਕਰਕੇ ਖ਼ਬਰਦਾਰ ਰਹਿਣਾ ਚਾਹੀਦਾ ਹੈ। ਕਿੰਨੇ ਦੁੱਖ ਦੀ ਗੱਲ ਹੈ ਕਿ ਸੱਚਾਈ ਦੱਸਣ ਦਾ ਦਾਅਵਾ ਕਰਨ ਵਾਲੇ ਲੋਕ ਇਸ ਤੋਂ ਫਿਰ ਕੇ ਝੂਠ ਦਾ ਪ੍ਰਚਾਰ ਕਰਦੇ ਹਨ! ਇਹ ਹੋਰ ਵੀ ਦੁੱਖ ਦੀ ਗੱਲ ਹੈ ਕਿ ਭੋਲੇ ਭਾਲੇ ਲੋਕ ਪਵਿੱਤਰ ਆਤਮਾ ਦੀ ਚਿਤਾਵਨੀ ਤੇ ਧਿਆਨ ਨਾ ਦੇ ਕੇ ਸੈਤਾਨ ਦੀਆਂ ਚਾਲਾਂ ਨੂੰ ਬਹੁਤਾ ਮੰਨਦੇ ਹਨ (1 ਯੂਹੰਨਾ 4:1; ਮੱਤੀ 24:23-26; ਰਸੂਲਾਂ ਦੇ ਕੰਮ 17:11)।

ਪੌਲੁਸ ਨੇ ਕਿਹਾ ਕਿ ''ਆਉਣ ਵਾਲਿਆਂ ਸਮਿਆਂ ਵਿਚ'' ਇਹ ਹੋਵੇਗਾ। ਤਿਮੋਥਿਉਸ ਨੂੰ ਉਸ ਦੀ ਦਿੱਤੀ ਚੇਤਾਵਨੀ ਸੀ ਕਿ ''ਹੋ ਸਕਦਾ ਹੈ ਕਿ ਤੁਹਾਨੂੰ ਅਜੇ ਨਜ਼ਰ ਨਾ ਆਵੇ, ਪਰ ਹੁਸ਼ਿਆਰ ਰਹਿਣਾ ਕਿਉਂਕਿ ਇਹ ਸਭ ਹੋਵੇਗਾ ਜ਼ਰੂਰ! ਆਤਮਾ ਨੇ ਇਹ ਵੀ ਤਸਦੀਕ ਕੀਤੀ ਕਿ ਕਈ ਲੋਕ ... ਨਿਹਚਾ ਤੋਂ ਫਿਰ[1] ਜਾਣਗੇ।'' ''ਫਿਰ ਜਾਣਾ''[2] ਸ਼ਬਦ ਦੀ ਪਰਿਭਾਸ਼ਾ ਵਿਚ ਬੇਦੀਨ ਹੋਣ ਦੇ ਕਈ ਢੰਗ ਦੱਸੇ ਗਏ ਹਨ। ਜਦ ਮੈਂਬਰ ਪਾਸੇ ਖੜੇ ਹੋਣ ਲੱਗਣ, ਪਿੱਛੇ ਹਟ ਜਾਣ, ਕਿਤੇ ਹੋਰ ਜਾਣ ਲੱਗਣ ਜਾਂ ਉਨ੍ਹਾਂ ਦਾ ਵਿਸ਼ਵਾਸ ਡਗਮਗਾਉਣ ਵਾਲਾ ਹੋ ਜਾਵੇ ਤਾਂ *ਖ਼ੁਬਰਦਾਰ ਹੋ ਜਾਓ* ਕਿਉਂਕਿ ''ਬੇਦੀਨੀ'' ਸ਼ੁਰੂ ਹੋ ਚੁੱਕੀ ਹੈ!

## ਬੇਦੀਨੇ ਹੋਣ ਦਾ ਕਾਰਣ (ਆਇਤਾਂ 1, 2)

ਜਦ ਮੈਂਬਰ ''ਭਰਮਾਉਣ ਵਾਲੀਆਂ ਰੂਹਾਂ'' (ਮੱਕਾਰ ਲੋਕਾਂ) ਅਤੇ ''ਭੂਤਾਂ ਦੀਆਂ ਸਿੱਖਿਆਵਾਂ'' (ਭ੍ਰਿਸ਼ਟ ਨੇਮਾਂ) ਵੱਲ ਝੁਕਣ ਲੱਗਣ ਤਾਂ ਖਬਰਦਾਰ ਹੋ ਜਾਓ। ਭਰਮਾਉਣ ਵਾਲਿਆਂ ਦੇ ਸੁਭਾਅ ਵੱਲ ਧਿਆਨ ਦਿਓ।[3] ਉਹ ਉਨ੍ਹਾਂ ਲੋਕਾਂ ਨੂੰ ''ਜਿਨ੍ਹਾਂ ਦਾ ਆਪਣਾ ਹੀ ਅੰਤਹਕਰਣ ਤੱਤੇ ਲੋਹੇ ਨਾਲ ਦਾਗਿਆ ਹੋਇਆ ਹੈ'' ਵਰਤ ਕੇ ਲੋਕਾਂ ਨੂੰ ਭਰਮਾਉਂਦੇ ਹਨ (4:2)। ਕਈ ਵਾਰ ਇਹ ਲੋਕ ਇਕ ਮੰਡਲੀ ਤੋਂ ਦੂਜੀ ਮੰਡਲੀ ਵਿਚ ਜਾ ਕੇ, ਬਹੁਤ ਸਾਰੇ ਲੋਕਾਂ ਨੂੰ ਭੜਕਾ ਕੇ ਕਲੀਸੀਆ ਵਿਚ ਫੁੱਟ ਪਾ ਦਿੰਦੇ ਹਨ!

ਉਨ੍ਹਾਂ ਦੇ ਐਨਾ ਅਸਰਦਾਇਕ ਹੋਣ ਦਾ ਕਾਰਣ ਇਹੀ ਹੈ ਕਿ ਉਹ ''ਭੂਤਾਂ ਦੀਆਂ ਸਿੱਖਿਆਵਾਂ'' ਫੈਲਾਉਂਦੇ ਹਨ। ਹਕੀਕਤ ਇਹ ਹੈ ਕਿ ਅਨੁਵਾਦ ਹੋਏ ਸ਼ਬਦ ''ਭੂਤਾਂ''[4] ਦੇ ਅਰਥ ਤੋਂ ਇਹ ਵੀ ਸਾਫ਼ ਹੋ ਜਾਂਦਾ ਹੈ ਕਿ ਇਹ ਸਿੱਖਿਆਵਾਂ ਭੋਲੇ ਭਾਲੇ ਅਤੇ ਸਵਾਲ ਨਾ ਕਰਨ ਵਾਲੇ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਨੂੰ ਲਗਦਾ ਹੈ ਕਿ ਸਿਖਾਉਣ ਵਾਲੇ ਸੱਚ ਹੀ ਦੱਸਣਗੇ, ਗ਼ੁਮਰਾਹ ਕਰਨ ਵਾਲੀਆਂ ਭਾਵ ਫਾਹੀ ਵਿਚ ਫਸਾਉਣ ਵਾਲੀਆਂ ਹਨ (1 ਪਤਰਸ 2:1-3; ਰੋਮੀਆਂ 16:17, 18)। ਸਾਡੇ ਸਮੇਂ ਵਿਚ ਇਹ ਕਹਿਣਾ ਕਿ ''ਸ਼ੈਤਾਨ ਨੇ ਮੈਥੋਂ ਇਹ ਕਰਵਾ ਦਿੱਤਾ'' ਆਪਣੀ ਗ਼ਲਤੀ ਮੰਨਣ ਦੀ ਬਜਾਇ ਸੱਚਾਈ ਦੇ ਬਹੁਤਾ ਨੇੜੇ ਹੋ ਸਕਦਾ ਹੈ। ਇਹ ਤਾਂ ਸੱਚ ਹੈ ਹੀ, ਤੁਹਾਨੂੰ ਯੂਹੰਨਾ 8:44 ਵਿਚ ਮਸੀਹ ਦਾ ਮੁਲਾਂਕਣ ਯਾਦ ਹੋਵੇਗਾ: ''ਤੁਸੀਂ ਆਪਣੇ ਪਿਓ ਸ਼ੈਤਾਨ ਤੋਂ ਹੋ ਅਤੇ *ਆਪਣੇ ਪਿਓ ਦੀਆਂ ਕਾਮਨਾਵਾਂ ਦੇ ਅਨੁਸਾਰ ਕਰਨਾ ਚਾਹੁੰਦੇ ਹੋ*। ... ਜਦ ਉਹ ਝੂਠ ਬੋਲਦਾ ਹੈ ਤਾਂ ਆਪਣੀਆਂ ਹੀ ਹੱਕਦਾ ਹੈ ਕਿਉਂਕਿ ਉਹ ਝੂਠਾ ਹੈ ਅਤੇ ਝੂਠ ਦਾ ਪਿਓ ਹੈ।'' ਜਦ ਅਸੀਂ ਸ਼ੈਤਾਨ ਦੇ ਗ਼ੁਮਰਾਹ ਕਰਨ ਵਾਲੇ ਪ੍ਰਭਾਵ ਅੱਗੇ ਝੁਕ ਜਾਂਦੇ ਹਾਂ, ਤਦ ਵੀ ਅਜਿਹਾ *ਅਸੀਂ ਆਪਣੀ ਹੀ ਮਰਜ਼ੀ ਨਾਲ* ਜਾਂ ਆਪਣੇ ਫ਼ੈਸਲੇ ਨਾਲ ਕਰਦੇ ਹਾਂ।

## ਸਿੱਖਿਆ ਵਿਚ ਵਿਗਾੜ ਹੋਣ ਬਾਰੇ ਸਾਫ਼ ਦੱਸਿਆ ਗਿਆ ਹੈ (ਆਇਤਾਂ 3-5)

ਪੌਲੁਸ ਨੇ ਮਸੀਹੀ ਲੋਕਾਂ ਨੂੰ ਉਨ੍ਹਾਂ ਦਾ ਮੁਕਾਬਲਾ ਕਰਨ ਲਈ ਤਿਆਰ ਕੀਤਾ ਜਿਨ੍ਹਾਂ ਨੇ ਬੇਦੀਨ ਹੋ ਕੇ, ਲੋਕਾਂ ਨੂੰ ਵਿਆਹ ਕਰਨ ਤੋਂ ਰੋਕਣਾ (ਵੇਖੋ ਇਬਰਾਨੀਆਂ 13:4; 1 ਕੁਰਿੰਥੀਆਂ 9:5; ਅਫ਼ਸੀਆਂ 5:23-31) ਅਤੇ ਉਨ੍ਹਾਂ ਭੋਜਨਾਂ ਦੇ ਖਾਣ ਤੋਂ ਮਨ੍ਹਾ ਕਰਨ ਦਾ ਹੁਕਮ ਦੇਣਾ ਸੀ।[5] ਇਸ ਨਬੂਵਤ ਦੀ ਰੌਸ਼ਨੀ ਵਿਚ ਇਹ ਗੱਲ ਅਣੋਖੀ ਤਾਂ ਹੈ ਪਰ ਹੈਰਾਨੀਜਨਕ ਨਹੀਂ ਕਿ ਅੱਜ ਕਈ ਸਮਾਜਿਕ ਅਤੇ ਧਾਰਮਿਕ ਲੋਕਾਂ ਵਿਚ ਇਹ ਦੋਵੇਂ ਗੱਲਾਂ ਪਾਈਆਂ ਜਾਂਦੀਆਂ ਹਨ।

ਬਾਰਕਲੇ ਨੇ ਇਨ੍ਹਾਂ ਗ਼ਲਤ ਸਿੱਖਿਆਵਾਂ ਦੇ ਆਰੰਭ ਹੋਣ ਦੀ ਚਰਚਾ ਕੀਤੀ ਹੈ:

> ਦੂਜੀ ਸਦੀ ਦੇ ਅਖ਼ੀਰ ਦੇ ਨੇੜੇ ਲਿਖਦਿਆਂ, ਇਰੇਨਿਯੁਸ ਦੱਸਦਾ ਹੈ ਕਿ ਕਿਵੇਂ ਸੈਟਰਨਿਨੁਸ ਦੇ ਕੁਝ ਪੈਰੋਕਾਰ "ਇਹ ਐਲਾਨ ਕਰਦੇ ਹਨ ਕਿ ਵਿਆਹ ਅਤੇ ਸੰਤਾਨ ਸ਼ੈਤਾਨ ਵੱਲੋਂ ਹਨ। ਇਸੇ ਤਰ੍ਹਾਂ ਕਈ ਹੋਰ ਜਾਨਵਰਾਂ ਦੇ ਖਾਣੇ ਤੋਂ ਮਨ੍ਹਾਂ ਕਰਦੇ ਹਨ ਅਤੇ ਇਸ ਤਰ੍ਹਾਂ ਉਹ ਖਿਆਲੀ ਆਤਮਸੰਜਮ ਰਾਹੀਂ ਹਜ਼ਾਰਾਂ ਲੋਕਾਂ ਨੂੰ ਪਿੱਛੇ ਕਰ ਦਿੰਦੇ ਹਨ" (ਇਰੇਨਿਯੁਸ *ਅਗੇਂਸਟ ਹੇਅਰਸੀ,* I, 24, 2)। ਅਜਿਹੀ ਗੱਲ ਚੌਥੀ ਸਦੀ ਦੇ ਭਿਕਸ਼ੂਆਂ ਅਤੇ ਵੈਰਾਗੀਆਂ ਦੇ ਮਨ ਵਿਚ ਆਈ। ਉਹ ਇਨਸਾਨਾਂ ਤੋਂ ਪੂਰੀ ਤਰ੍ਹਾਂ ਵੱਖਰੇ ਜਾ ਕੇ ਮਿਸਰ ਦੇ ਜੰਗਲਾਂ ਵਿਚ ਰਹਿੰਦੇ ਸਨ। ਉਹ ਦੇਹ ਨੂੰ ਵੱਸ ਵਿਚ ਰੱਖ ਕੇ ਜ਼ਿੰਦਗੀ ਗੁਜ਼ਾਰਦੇ ਸਨ। ਕਿਸੇ ਨੇ ਤਾਂ ਪੱਕਾ ਹੋਇਆ ਅੰਨ ਹੀ ਨਹੀਂ ਖਾਧਾ ਅਤੇ ਆਪਣੀ "ਦੇਹ ਹੀਣਤਾ" ਲਈ ਮਸ਼ਹੂਰ ਸੀ।[6]

ਕੁਝ ਮੁੱਢਲੇ ਮਸੀਹੀ ਲੋਕਾਂ ਨੇ ਇਨ੍ਹਾਂ ਸਿੱਖਿਆਵਾਂ ਦੇ ਖ਼ਿਲਾਫ਼ ਸਖ਼ਤ ਕਦਮ ਚੁੱਕੇ ਸਨ। ਜਿਵੇਂ ਕਿ *ਅਪੋਸਟਲਿਕ ਕੈਨਨਜ਼ (#51) ਤੋਂ ਸਾਫ਼ ਹੁੰਦਾ ਹੈ:*

> ਜੇ ਕੋਈ ਨਿਗਾਹਬਾਨ, ਯਾਜਕ ਜਾਂ ਡੀਕਨ ਜਾਂ ਯਾਜਕਾਂ ਵਿੱਚੋਂ ਕੋਈ ਵੀ ਤਪ (ਅਨੁਸ਼ਾਸਨ ਲਈ) ਦੇ ਅਧਾਰ ਤੇ ਨਹੀਂ ਬਲਕਿ ਇਸ ਗੱਲ ਨੂੰ ਭੁੱਲ ਕੇ ਕਿ ਸਭ ਗੱਲਾਂ ਬਹੁਤ ਚੰਗੀਆਂ ਹਨ ਅਤੇ ਇਹ ਕਿ ਖ਼ੁਦਾ ਨੇ ਮਰਦ ਅਤੇ ਔਰਤ ਦੋਹਾਂ ਨੂੰ ਬਣਾਇਆ, ਖ਼ੁਦਾ ਦੀ ਕਾਰੀਗਰੀ ਦੀ ਨਿੰਦਿਆ ਅਤੇ ਬਦਨਾਮੀ ਕਰਦਿਆਂ ਉਨ੍ਹਾਂ ਨੂੰ ਬੁਰਾ ਮੰਨ ਕੇ ਉਨ੍ਹਾਂ ਤੋਂ ਨਫ਼ਰਤ ਕਰਦਾ ਹੈ, ਵਿਆਹ ਤੋਂ, ਮਾਸ ਤੋ. ਅਤੇ ਮੈਅ ਤੋਂ ਪਰਹੇਜ਼ ਕਰਦਾ ਹੈ ਤਾਂ ਉਸਨੂੰ ਸੁਧਾਰ ਦੀ ਜਾਂ ਫਿਰ ਪੁਕਾਰ ਕੇ ਕਲੀਸੀਆ ਵਿੱਚੋਂ ਬਾਹਰ ਕਰਨ ਦੀ ਲੋੜ ਹੈ।[7]

ਇਸ ਚਿਤਾਵਨੀ ਵਿਚ ਅਜਿਹੇ ਪਰਹੇਜ਼ ਦੀ ਮੂਰਖਤਾ ਵਿਖਾਈ ਗਈ ਹੈ। ਖ਼ੁਦਾ ਨੇ ਮਨੁੱਖ ਨੂੰ ਦੇਹ ਬਣਾਇਆ ਅਤੇ ਉਸ ਨੂੰ ਵੇਖ ਕੇ ਕਿਹਾ ਕਿ ਜੋ ਕੁਝ ਉਸ ਨੇ ਕੀਤਾ ਹੈ ਉਹ ਵਧੀਆ ਹੈ। ਮਨੁੱਖ ਜਾਤੀ ਨੂੰ ਤਾਂ ਖ਼ੁਦਾ ਦੇ ਸਰੂਪ ਉੱਤੇ ਹੀ ਬਣਾਇਆ ਗਿਆ ਸੀ (ਉਤਪਤ 1:26, 27)। ਖ਼ੁਦਾ ਨੇ ਵਿਆਹ ਦੀ ਸਥਾਪਨਾ ਕਰਕੇ ਕਿਹਾ ਕਿ ਇਹ ਚੰਗਾ ਹੈ (ਉਤਪਤ 2:18-24)। ਮੂਰਖਤਾ ਭਰੇ ਤਪ ਨਾਲ ਹੋਵੇ ਜਾਂ ਸ਼ੈਤਾਨ ਦੀ ਪ੍ਰੇਰਣਾ ਪਾਏ ਕਿਸੇ ਧਰਮ ਗੁਰੂ ਦੀ ਸਿੱਖਿਆ ਦੇ ਫ਼ਰਮਾਨਾਂ ਨਾਲ, ਜਿਸ ਨੂੰ ਖ਼ੁਦਾ ਨੇ ਜੋੜਿਆ ਹੈ, *ਉਸ ਨੂੰ ਮਨੁੱਖ ਵੱਖ ਨਾ ਕਰੇ।* ਇਸ ਦੇ ਇਲਾਵਾ ਸ਼ੁਰੂ ਵਿਚ ਖ਼ੁਦਾ ਨੇ ਇਹ ਐਲਾਨ ਕੀਤਾ ਸੀ ਕਿ "ਹਰ ਚੱਲਣਹਾਰ ਜਿਹਦੇ ਵਿਚ ਜੀਵਨ ਹੈ ਤੁਹਾਡੇ ਭੋਜਨ ਲਈ ਹੋਵੇਗਾ" (ਉਤਪਤ 9:3)। ਜਿਸ ਨੂੰ ਖ਼ੁਦਾ ਨੇ ਚੰਗਾ ਅਤੇ ਸ਼ੁੱਧ ਕਿਹਾ ਹੈ, ਸਾਨੂੰ ਉਸ ਨੂੰ ਤੁੱਛ ਜਾਂ ਅਸ਼ੁੱਧ ਕਹਿ ਕੇ ਠੁਕਰਾਉਣ ਜਾਂ ਮਨ੍ਹਾਂ ਕਰਨ ਦਾ ਕੋਈ ਹੱਕ ਨਹੀਂ ਹੈ (ਰਸੂਲਾਂ ਦੇ ਕੰਮ 10:12-16, 28)। ਇਸ ਲਈ ਸਵਾਲ ਇਹ ਹੈ ਕਿ ਸਾਨੂੰ ਖ਼ੁਦਾ ਦੀ ਗੱਲ ਮੰਨਣੀ ਚਾਹੀਦੀ ਹੈ ਜਾਂ ਇਨਸਾਨ ਦੀ। ਹਰ ਹਾਲ ਵਿਚ, ਰੋਮੀਆਂ 3:4 ਦੀ ਗੱਲ ਹੀ ਮੰਨੀ ਜਾਣੀ ਚਾਹੀਦੀ ਹੈ! "... ਪਰਮੇਸ਼ੁਰ ਸੱਚਾ ਠਹਿਰੇ ਅਤੇ ਹਰ ਮਨੁੱਖ ਝੂਠਾ ...।"

ਹਮੇਸ਼ਾ ਵਾਂਗ ਮਨੁੱਖ ਵੱਲੋਂ ਕੀਤੇ ਵਿਗਾੜ ਨੂੰ ਖ਼ੁਦਾ ਸਾਫ਼ ਦੱਸ ਦਿੰਦਾ ਹੈ। ਪੌਲੁਸ ਨੇ ਇਸ

ਗੱਲ ਦੀ ਤਸਦੀਕ ਕੀਤੀ ਕਿ ਖ਼ੁਦਾ ਦਾ ਬਣਾਇਆ ਹਰ ਜੀਵ ਚੰਗਾ ਹੈ (ਉਤਪਤ 1:24, 25) ਅਤੇ ਸੱਚਾਈ ਨੂੰ ਮੰਨਣ ਅਤੇ ਜਾਣਨ ਵਾਲਿਆਂ ਨੂੰ ਉਸ ਨੂੰ ਸ਼ੁਕਰਗੁਜ਼ਾਰੀ ਨਾਲ ਲੈਣਾ ਜ਼ਰੂਰੀ ਹੈ। ਮਾਸ ਖ਼ੁਦਾ ਦੇ ਵਚਨ (ਅਤੇ ਉਸ ਦੇ ਐਲਾਨਾਂ) ਅਤੇ ਦੁਆ (ਮਨ ਦੀ ਸਥਿਤੀ) ਨਾਲ ਸ਼ੁੱਧ (ਵੱਖ) ਕੀਤਾ ਗਿਆ ਹੈ। ਇਕ ਵਾਰ ਫੇਰ ਮਨੁੱਖ ਦੀ ਮਿਲੀ ਜੁਲੀ ਸੋਚ ਅਤੇ ਖਿਆਲੀ ਸਿੱਖਿਆਵਾਂ ਸਾਡੇ ਆਪਣੇ ਰਚਣਹਾਰੇ ਦੇ ਸੰਦੇਸ਼ ਨੂੰ ਮੰਨਣ ਦੀ ਲੋੜ ਨੂੰ ਹੀ ਸਾਬਤ ਕਰਦੀਆਂ ਹਨ!

## ਪਾਠ 11: ਪ੍ਰਚਾਰਕ ਦੀ ਤਿਆਰੀ (4:6-8)

ਸਾਨੂੰ ਸ਼ੈਤਾਨ ਦੇ ਧੋਖੇ ਤੋਂ ਬਚਣ ਲਈ ਖ਼ੁਦਾ ਦੀ ਮਦਦ ਦੀ ਲੋੜ ਹੈ, ਇਸ ਕਰਕੇ ਇਹ ਕੰਮ ਖ਼ੁਦਾ ਦੇ ਸੇਵਕ ਨੂੰ ਹੀ ਪੂਰਾ ਕਰਨਾ ਪਵੇਗਾ। ਪੌਲੁਸ ਨੇ ਤਿਮੋਥਿਉਸ ਨੂੰ ''ਭਰਾਵਾਂ ਦੇ ਅੱਗੇ ਇਹ ਗੱਲਾਂ ਪੇਸ਼'' (4:6) ਕਰਦੇ ਰਹਿਣ ਦੀ ਬੇਨਤੀ ਕੀਤੀ। ਇਹ ਕੋਈ ਬਦਲ ਨਹੀਂ ਬਲਕਿ ਹੁਕਮ ਸੀ। ਯੂਨਾਨੀ ਸ਼ਬਦ *hupotithemenos* (ਮੂਲ ਸ਼ਬਦ *hupotithemi* ਤੋਂ ਜਿਸ ਦਾ ਅਰਥ ''ਰੱਖਣਾ ਜਾਂ ਹਮਾਇਤ ਕਰਨਾ''[8] ਹੈ)। ਇਕ ਵਰਤਮਾਨ ਮੱਧ ਕ੍ਰਿਦੰਤ ਹੈ; ਸੋ ਪੌਲੁਸ ਦੇ ਕਹਿਣ ਦਾ ਮਤਲਬ ਸੀ ਕਿ ''ਹੇ ਤਿਮੋਥਿਉਸ, ਆਪਣੇ ਆਪ ਸ਼ੁਰੂਆਤ ਕਰ ਅਤੇ ਭਾਈਆਂ ਨੂੰ ਸਿੱਖਿਆ ਦੇਣ ਅਤੇ ਹਮਾਇਤ ਦੇਣ ਦੇ ਇਸ ਕੰਮ ਵਿਚ ਲੱਗ ਜਾ।''

ਇੰਜੀਲ ਦੇ ਪ੍ਰਚਾਰਕਾਂ ਨੂੰ ਮਸੀਹੀ ਲੋਕਾਂ ਦੇ ਮਨਾਂ ਵਿਚ ਖ਼ੁਦਾ ਦੀਆਂ ਇਨ੍ਹਾਂ ਸੱਚਾਈਆਂ ਨੂੰ ਬੀਜਣ ਦੇ ਰੂਪ ਵਿਚ ਆਖਿਆ ਜਾਂਦਾ ਹੈ ਤਾਂ ਜੋ ਉਨ੍ਹਾਂ ਨੂੰ ਮਦਦ ਦੇ ਰੂਪ ਵਿਚ ਸੱਚਾਈ ਮਿਲਦੀ ਰਹੇ (ਵੇਖੋ ਅਫ਼ਸੀਆਂ 6:14)। ਇਹ ਵੇਖਣ ਲਈ ਕਿ ''ਇਹ ਗੱਲਾਂ'' ਭਾਈਆਂ ਦੇ ਮਨਾਂ ਵਿਚ ਉਵੇਂ ਹੀ ਬੈਠ ਗਈਆਂ ਹਨ, ਇਹ ਕੰਮ ਕਿਸੇ ਦੇ ਆਪਣਾ ਜ਼ਿੰਦਗੀ ਦੇਣ ਭਾਵ ਆਪਣੀ ਧੌਣ ਅੱਗੇ ਕਰਨ ਦੀ ਹੱਦ ਤਕ ਚਲਿਆ ਜਾਂਦਾ ਹੈ। ਰੱਸਲ ਬ੍ਰੈਡਲੀ ਜੋਨਸ ਨੇ ਧਿਆਨ ਦੁਆਇਆ ਹੈ ਕਿ ''ਭਰਾਵਾਂ'' (ਯੂ.: *adelphos*) ਦਾ ਮਤਲਬ ''ਇੱਕੋ ਕੁੱਖ ਵਿੱਚੋਂ'' ਜਨਮ ''ਲੈਣ ਬਾਰੇ ਹੋਣਾ ਹੈ।''[9] ਝੂਠੀ ਸਿੱਖਿਆ ਦੇਣ ਵਾਲਿਆਂ ਦੇ ਉਲਟ, ਇੰਜੀਲ ਦਾ ਅਸਲ ਪ੍ਰਚਾਰਕ ਖ਼ੁਦਾ ਦੇ ਪਰਿਵਾਰ ਦੇ ਮੈਂਬਰਾਂ ਦੇ ਲੋਕਾਂ ਵਿਚ ਜਿਨ੍ਹਾਂ ਨੇ ਉਹਦੇ ਘਰ ਵਿਚ ਜਨਮ ਲਿਆ ਹੈ, ਸੱਚਾਈ ਦਾ ਵਚਨ ਡੂੰਘਿਆਈ ਤਕ ਪ੍ਰੇਮ ਨਾਲ ਬੀਜਦਾ ਹੈ (1 ਤਿਮੋਥਿਉਸ 3:15)।

ਇਸ ਤਰ੍ਹਾਂ ਸੇਵਾ ਕਰਨ ਵਾਲਾ ਸੱਚਮੁੱਚ ਹੀ ਮਸੀਹ ਯਿਸੂ ਦਾ ''ਚੰਗਾ ਸੇਵਕ'' (ਯੂ.: *diakonos*; 3:8-13 ਤੇ ਨੋਟਸ ਵੇਖੋ) ਹੈ।

> ''ਚੰਗਾ ਸੇਵਕ'' ਉਹੀ ਹੈ ਜਿਹੜਾ ਆਪਣੇ ਕੰਮ ਪ੍ਰਤੀ, ਆਪਣੇ ਲੋਕਾਂ ਪ੍ਰਤੀ ਅਤੇ ਸਭ ਤੋਂ ਵਧ ਕੇ ਆਪਣੇ ਖ਼ੁਦਾ ਪ੍ਰਤੀ ਪ੍ਰੇਮ ਨਾਲ ਸਮਰਪਿਤ ਹੋ ਕੇ, ਸੱਚਾਈ ਤੋਂ ਦੂਰ ਹੋਣ ਦੇ ਖਿਲਾਫ਼ ਚਿਤਾਵਨੀ ਦਿੰਦਾ ਹੈ ਸਮਝਾਉਂਦਾ ਹੈ ਕਿ ਗ਼ਲਤ ਸਿੱਖਿਆ ਦਾ ਮੁਕਾਬਲਾ ਕਿਵੇਂ ਕੀਤਾ ਜਾਵੇ। ਅਜਿਹਾ ਆਦਮੀ ਮਸੀਹ ਯਿਸੂ ਦੀ ਹੀ ਨੁਮਾਇੰਦਗੀ ਕਰਦਾ ਹੈ (ਅਤੇ ਉਸੇ ਦਾ ਹੈ)।[10]

ਸਿੱਖਿਆ ਦੇਣ ਵਾਲਾ ਸੇਵਕ ਇਹੀ ਹੈ!

## ਇਕ ਨਮੂਨਾ ਅਤੇ ਇਕ ਮੁਸ਼ਕਿਲ (ਆਇਤਾਂ 6, 7)

''ਚੰਗਾ ਸੇਵਕ'' ਹੋਣ ਲਈ ਵਿਸ਼ਵਾਸ ਦੀਆਂ ਗੱਲਾਂ (ਵੱਡਾ ਹੋਣ ਲਈ) ਅਤੇ ਖਰੀ ਸਿੱਖਿਆ (ਪ੍ਰਚਾਰ ਲਈ) ਪਾਲਣ ਪੋਸ਼ਣ ਹੋਣਾ ਜ਼ਰੂਰੀ ਹੈ। ਇਨ੍ਹਾਂ ਗੱਲਾਂ ਨਾਲ ''ਪਾਲਣ ਪੋਸ਼ਣ'' ਹੋਣ ਦਾ ਮਤਲਬ ''ਸਿੱਖਿਅਤ ਕਰਨਾ ਜਾਂ ਮਨ ਬਣਾਉਣਾ'' ਹੈ।[11] ਸਰਸਰੀ ਪੜ੍ਹਨ ਨਾਲ ਹੀ ਕਿਸੇ ਦਾ ਮਨ ਨਹੀਂ ਬਣਾਇਆ ਜਾ ਸਕਦਾ ਹੈ। ਇਹਦੇ ਲਈ ਗੰਭੀਰਤਾ ਨਾਲ ਅਧਿਐਨ ਕਰਨਾ ਅਤੇ ਆਤਮਵਿਸ਼ਵਾਸ ਬਣਾਉਣ ਲਈ ਕੋਸ਼ਿਸ਼ ਕਰਨਾ ਲਾਜ਼ਮੀ ਹੈ।

ਪੌਲੁਸ ਨੇ ਲਿਖਿਆ ਹੈ ਕਿ ਉਹ ਆਪ ਇਸੇ ਨਮੂਨੇ ਮੁਤਾਬਕ ਕਰ ਰਿਹਾ ਹੈ। ਪੌਲੁਸ ਵੱਲੋਂ ਇੱਥੇ ਵੱਸਿਆ ਪੂਰਣਕਾਲ ਇਹ ਸੰਕੇਤ ਦਿੰਦਾ ਹੈ ਕਿ ਇਨ੍ਹਾਂ ਮਾਮਲਿਆਂ ਵਿਚ ਪੌਲੁਸ ਪਰਿਪੱਕਤਾ (ਪੂਰਣਤਾ) ਤਕ ਪਹੁੰਚ ਗਿਆ। ਉਹਨੂੰ ਆਪਣਾ ਰਾਹ ਬਦਲਣ ਦੀ ਨਹੀਂ ਬਲਕਿ ਉਵੇਂ ਹੀ ਚੱਲਦੇ ਰਹਿਣ ਦੀ ਲੋੜ ਸੀ ਜਿਵੇਂ ਉਹ ਚੱਲ ਰਿਹਾ ਸੀ। ਜੋ ਕੁਝ ਉਹ ਕਹਿ ਰਿਹਾ ਸੀ ਉਹ ''ਲੱਗਿਆ ਰਿਹਾ'' ਸ਼ਬਦ ਤੋਂ ਸਾਫ਼ ਹੋ ਜਾਂਦਾ ਹੈ।[12] ਕਿੰਨਾ ਸੋਹਣਾ ਵਿਚਾਰ ਹੈ ਕਿ ਤਿਮੋਥਿਉਸ ਜਿੱਥੇ ਵੀ ਜਾਂਦਾ ਸੀ ਖਰੀ ਸਿੱਖਿਆ ਅਤੇ ਵਿਸ਼ਵਾਸ ਦੀਆਂ ਗੱਲਾਂ ਉਹਦੇ ਨਾਲ ਨਾਲ ਜਾਂਦੀਆਂ ਸਨ! ਤਿਮੋਥਿਉਸ ਦਾ ਪਾਲਣ ਪੋਸ਼ਣ ਹੋਣ ਦੇ ਵਿਚਾਰ ਨਾਲ ਉਸ ਸਿੱਖਿਆ ਨੂੰ ਮੰਨ ਕੇ ਉਸ ਵਿਚ ਬਣੇ ਰਹਿਣ ਦੀ ਉਹਦੇ ਮਨ ਦੀ ਤੰਦਰੁਸਤ ਬਣਾਵਟ ਅਤੇ ਜਾਣਕਾਰੀ ਦਾ ਸੁਝਾਅ ਮਿਲਦਾ ਹੈ। ਹਰ ਇਵੈਂਜਲਿਸਟ ਨੂੰ ਅਜਿਹਾ ਹੀ ਹੋਣਾ ਚਾਹੀਦਾ ਹੈ (ਵੇਖੋ 2 ਤਿਮੋਥਿਉਸ 2:15)।

ਸ਼ੈਤਾਨ ਦੀ ਸਭ ਤੋਂ ਵੱਡੀ ਖਾਹਿਸ਼ ਖ਼ੁਦਾ ਦੇ ਬੁਲਾਰੇ ਨੂੰ ਅਜਿਹੀ ਸਨਮਾਨਯੋਗ ਸਥਿਤੀ ਤੋਂ ਦੂਰ ਕਰਨਾ ਹੀ ਹੋਵੇਗੀ। ਤਿਮੋਥਿਉਸ ਨੂੰ ''ਗੰਦੀਆਂ ਅਤੇ ਬੁੱਢੀਆਂ ਵਾਲੀਆਂ ਕਹਾਣੀਆਂ ਵੱਲੋਂ ਮੂੰਹ ਮੋੜਨ'' ਲਈ ਕਹਿ ਕੇ ਪੌਲੁਸ ਨੇ ਦੋ ਢੰਗਾਂ ਵੱਲ ਧਿਆਨ ਦੁਆਇਆ ਜਿਨ੍ਹਾਂ ਲਈ ਇਹ ਹੋ ਸਕਦਾ ਹੈ। ਪਹਿਲਾਂ ਉਹ ਤਿਮੋਥਿਉਸ ਨੂੰ *ਗੰਦੀਆਂ* ਕਹਾਣੀਆਂ ਤੋਂ *ਅੱਡ* ਰਹਿਣ[13] (KJV) ਦੀ ਚਿਤਾਵਨੀ ਦੇ ਰਿਹਾ ਸੀ। ਕੁਝ ਥਾਂਵਾਂ ਅਤੇ ਰੀਤਾਂ ਅਜਿਹੀਆਂ ਗੰਦੀਆਂ ਹੁੰਦੀਆਂ ਹਨ ਜਿਨ੍ਹਾਂ ਨਾਲ ਆਦਮੀ ਦਾ ਭਲਾ ਹੋਣ ਦੀ ਥਾਂ ਬਰਬਾਦ ਹੋ ਜਾਂਦੀ ਹੈ (ਵੇਖੋ 2 ਕੁਰਿੰਥੀਆਂ 6:17-7:1; 1 ਪਤਰਸ 4:1-5)। ਇਸ ਨੂੰ ਭਾਈਆਂ ਵਿਚ ਜਾਂ ਸੰਸਾਰ ਵਿਚ ਅਸ਼ੁੱਧ ਬਕਵਾਸ ਜਾਂ ਸ਼ੱਕ ਭਰੇ ਵਿਹਾਰ ਨਾਲ ਜੋੜਿਆ ਜਾ ਸਕਦਾ ਹੈ (ਗਲਾਤੀਆਂ 5:15; ਤੀਤੁਸ 1:9-11; 1 ਕੁਰਿੰਥੀਆਂ 10:31-33)। ਦੂਜਾ ਪੌਲੁਸ ਨੇ ਉਸ ਨੂੰ *ਬੁੱਢੀਆਂ ਵਾਲੀਆਂ ਕਹਾਣੀਆਂ* ਤੋਂ ਮੂੰਹ ਮੋੜਨ[14] (KJV) ਦੀ ਚਿਤਾਵਨੀ ਦਿੱਤੀ। ਹੈਂਡਰਿਕਸਨ ਲਿਖਦਾ ਹੈ ਕਿ ''ਇਹ ਬੇਕਾਰ ਯਹੂਦੀ ਕਿੱਸੇ ਸਨ, ਜਿਨ੍ਹਾਂ ਨਾਲ ਗ਼ਲਤ ਸਿੱਖਿਆ ਦੇਣ ਵਾਲੇ ਲੋਕ ਸ਼ਰ੍ਹਾ ਨੂੰ ਸਮਝਾਉਣ ਦੀ ਕੋਸ਼ਿਸ਼ ਕਰ ਰਹੇ ਸਨ। ... ਉਹ ਬੇਹੂਦੀਆਂ ਗੱਲਾਂ ਕਰਨ ਵਾਲੇ ਅਤੇ ਬੇਵਕੂਫ਼ੀ ਨਾਲ ਅੰਧਵਿਸ਼ਵਾਸੀ ਲੋਕਾਂ ਵਿੱਚੋਂ ਹਨ ਜਿਨ੍ਹਾਂ ਨੂੰ *ਬੁੱਢੀਆਂ ਔਰਤਾਂ* ਕਦੇ ਕਦੇ ਉਨ੍ਹਾਂ ਦੇ ਗੁਆਂਢੀਆਂ ਜਾਂ ਉਨ੍ਹਾਂ ਦੇ ਦੋਹਤਿਆਂ ਪੋਤਿਆਂ ਦੇ ਗਲ ਮੜ੍ਹਨ ਦੀ ਕੋਸ਼ਿਸ਼ ਕਰਦੀਆਂ ਹਨ।''[15] ਪੌਲੁਸ ਬਜ਼ੁਰਗ ਔਰਤਾਂ ਦੀ ਪੂਰੀ ਇੱਜ਼ਤ ਕਰਦਾ ਸੀ ਪਰ ਉਹ ਇਹ ਵੀ ਜਾਣਦਾ ਸੀ ਕਿ ਉਹ ਜਵਾਨ ਪ੍ਰਚਾਰਕ ਲਈ ਮੁਸ਼ਕਿਲ ਬਣ ਸਕਦੀਆਂ ਸਨ, ਤਾਂ ਉਸ ਨੇ ਤਿਮੋਥਿਉਸ ਨੂੰ ਖ਼ਬਰਦਾਰ ਕਰ ਦਿੱਤਾ।[16]

## ਮੰਨਣ ਵਾਲੀ ਫ਼ਾਇਦੇਮੰਦ ਗੱਲ (ਆਇਤ 8)

ਤਿਮੋਥਿਉਸ ਲਈ ਭਟਕਣ ਤੋਂ ਬਚਣ ਲਈ ਸਹੀ ਰਾਹ ਤੇ ਚੱਲਦੇ ਰਹਿਣਾ ਅਤੇ ਆਪਣੇ ਕੰਮ ਵਿਚ ਪੂਰਾ ਸੰਤੁਲਨ ਬਣਾਈ ਰੱਖਣਾ ਜ਼ਰੂਰੀ ਹੈ। ਪੌਲੁਸ ਨੇ ਸਰੀਰਕ ਅਨੁਸ਼ਾਸਨ ਤੋਂ ਵੀ ਵੱਧ ਕੇ ਭਗਤੀ ਦੀ ਸਿਫ਼ਾਰਿਸ਼ ਕੀਤੀ। ਪੌਲੁਸ ਨੇ ਉਸ ਵਕਤ ਦੀ ਭਾਸ਼ਾ ਦੀ ਵਰਤੋਂ ਕੀਤੀ। ਝੂਠੀ ਸਿੱਖਿਆ ਦੇਣ ਵਾਲੇ ਕੁਝ ਲੋਕ ਸਰੀਰ ਨੂੰ ਸਖ਼ਤ ਸਜ਼ਾ ਦੇ ਕੇ ਅਨੁਸ਼ਾਸਨ ਵਿਚ ਰੱਖਣ ਦੀ ਸਿੱਖਿਆ ਦਿੰਦੇ ਸਨ (ਕੁਲੁੱਸੀਆਂ 2:20-23) ਅਤੇ ਪੌਲੁਸ ਨੇ ਕਈ ਵਾਰ ਰੂਹਾਨੀ ਸੱਚਾਈਆਂ ਨੂੰ ਸਮਝਾਉਣ ਲਈ ਖੇਡਾਂ ਵਿਚ ਹੋਣ ਵਾਲੇ ਮੁਕਾਬਲੇ ਦਾ ਹਵਾਲਾ ਦਿੱਤਾ (ਰੋਮੀਆਂ 9:16; 1 ਕੁਰਿੰਥੀਆਂ 9:24-27; ਗਲਾਤੀਆਂ 2:2; 5:7; ਫ਼ਿਲਿੱਪੀਆਂ 2:16; 2 ਤਿਮੋਥਿਉਸ 2:5)। ਪੌਲੁਸ ਨੇ ਉਸ ਨੂੰ ਇਹ ਯਕੀਨ ਦੁਆਉਂਦਿਆਂ ਕਿ ਭਗਤੀ ਲਈ ਅਜਿਹੀ ਸਖ਼ਤ ਕੋਸ਼ਿਸ਼ ਉਹਦੇ ਫ਼ਾਇਦੇ ਲਈ ਹੀ ਹੋਵੇਗੀ, ਨਿਰੰਤਰ ਕ੍ਰਿਆ ਦਾ ਸੰਕੇਤ ਦਿੰਦਿਆਂ ਅਨੁਵਾਦ ਹੋਏ ਸ਼ਬਦ ''ਕਸਰਤ''[17] (KJV) ਨੂੰ ਵਰਤਮਾਨ ਕਾਲ ਵਿਚ ਸੰਕੇਤ ਦਿੱਤਾ। ਖ਼ੁਦਾ ਚਾਹੁੰਦਾ ਹੈ ਕਿ ਲੋਕ ਆਪਣੇ ਸਰੀਰਾਂ (ਯਾਕੂਬ 4:8; 1 ਪਤਰਸ 2:8-16; 1 ਕੁਰਿੰਥੀਆਂ 6:19, 20), ਜਾਨਾਂ (ਯਾਕੂਬ 1:21-25; 1 ਪਤਰਸ 1:6-9) ਅਤੇ ਰੂਹਾਂ (1 ਕੁਰਿੰਥੀਆਂ 2:11, 12; ਇਬਰਾਨੀਆਂ 4:12, 13; ਰੋਮੀਆਂ 8:2-15; 12:11; ਫ਼ਿਲਿੱਪੀਆਂ 1:27, 28) ਦੀ ਸਹੀ ਸੰਭਾਲ ਕਰਨ ਅਤੇ ਇਹਦੇ ਲਈ ਸਾਡੇ ਅੱਗੇ ਕਈ ਚੁਣੌਤੀਆਂ ਦਿੰਦਾ ਹੈ। ਰੂਹਾਨੀ ਸਾਧਨਾ ਜਾਂ ਕਸਰਤ ਨਾਲ ਨਾ ਸਿਰਫ਼ ਸਾਨੂੰ ਇਸ ਜ਼ਿੰਦਗੀ ਵਿਚ ਇਨਾਮ ਬਲਕਿ ਅਨਾਦੀ ਕਾਲ ਵਿਚ ਵੜਨ ਦੀ ਦਲੇਰੀ ਮਿਲਦੀ ਹੈ।

ਭਗਤੀ ਲਈ ਇਸ ਵਿਸ਼ਾਲ ਅਤੇ ਫ਼ਾਇਦੇਮੰਦ ਸਾਧਨਾ ਵਿਚ ਇੰਜੀਲ ਦੇ ਪ੍ਰਚਾਰ ਨੂੰ ਚਾਹੀਦਾ ਹੈ ਕਿ ਖ਼ੁਦਾ ਦੇ ਲੋਕਾਂ ਅੱਗੇ ਇਕ ਨਮੂਨਾ ਪੇਸ਼ ਕਰੇ। ਕਿਉ? ਕਿਉਂਕਿ ਇਹੀ ਸਹੀ ਹੈ, ਅਤੇ ਸਦੀਆਂ ਪਹਿਲਾਂ ਰਸੂਲਾਂ ਨੇ ਵੀ ਸਾਡੇ ਲਈ ਇਹੀ ਮਾਪਦੰਡ ਠਹਿਰਾਇਆ ਹੈ (ਜੋ ਇਹ ਪੌਲੁਸ ਦਾ ਅਗਲਾ ਵਿਸ਼ਾ ਸੀ)।

## ਪਾਠ 12: ਰਸੂਲਾਂ ਦਾ ਮਾਪਦੰਡ (4:9-12)

10 ਅਤੇ 11 ਆਇਤਾਂ ਐਨੇ ਜ਼ਬਰਦਸਤ ਢੰਗ ਨਾਲ ਅਸਰ ਕਰਦੀਆਂ ਹਨ ਕਿ ਇਸ ''ਸੱਚ ਅਤੇ ਪੂਰੀ ਤਰ੍ਹਾਂ ਨਾਲ ਮੰਨਣ ਯੋਗ'' ਗੱਲ ਦੇ ਹਰ ਸ਼ਬਦ ਦਾ ਧਿਆਨ ਨਾਲ ਮੰਨਣ ਕਰਨ ਦੀ ਲੋੜ ਹੈ (4:9)।

## ਇਨ੍ਹਾਂ ਲੋਕਾਂ ਦਾ ਸੁਭਾਅ (ਆਇਤ 10)

ਆਇਤ 10 ਵਿਚ ''ਮਿਹਨਤ''[18] ਸ਼ਬਦ ਤੇ ਧਿਆਨ ਦਿਓ। ਪ੍ਰਚਾਰਕਾਂ ਲਈ ਇਸੇ ਢੰਗ ਨੂੰ ਅਪਣਾਉਣਾ ਜ਼ਰੂਰੀ ਹੈ। ਇਸ ਵਿਚ ਬੋਝ, ਮਿਹਨਤ, ਦੁੱਖ, ਪ੍ਰਚਾਰ ਅਤੇ ਵਾਧੇ ਦਾ ਮੇਲ ਸ਼ਾਮਿਲ ਹੈ ਜਿਹੜਾ ਵਕਤ-ਬੇਵਕਤ ਭਾਵ ਦਿਨ ਹੋਵੇ ਜਾਂ ਰਾਤ ਨੂੰ ਕਦੇ ਵੀ ਹੋ ਸਕਦਾ ਹੈ (ਵੇਖੋ 2 ਤਿਮੋਥਿਉਸ 4:2-5)। ਹੇ ਪ੍ਰਚਾਰਕ, ਕੀ ਤੁਸੀਂ ਇਹੋ ਜਿਹੀ ਮਿਹਨਤ ਕੀਤੀ ਹੈ?

''ਯਤਨ'' ਸ਼ਬਦ ਤੇ ਧਿਆਨ ਦਿਓ।[19] ਉਹ ਹਿੰਮਤੀ, ਭਗਤੀ ਲਈ ਠਹਿਰਾਏ ਮਾਪਦੰਡ ਨੂੰ ਪਾਉਣ ਵਾਲਾ ਆਦਮੀ ਹੈ। ਹੇ ਪ੍ਰਚਾਰਕ, ਕੀ ਤੁਸੀਂ ਅਜਿਹੇ ਯਤਨ ਕਰ ਰਹੇ ਹੋ?

ਰਸੂਲਾਂ ਦਾ ਨਜ਼ਰੀਆ ਸਕਾਰਾਤਮਕ ਸੀ: ''... ਇਸ ਲਈ ਜੋ ਅਸਾਂ ਜਿਉਂਦੇ ਪਰਮੇਸ਼ੁਰ *[ਸਮਰਥਾ ਭਰੀ ਮੌਜੂਦਗੀ]* ਉੱਤੇ ਆਸ ਲਾਈ ਹੋਈ ਹੈ ਜਿਹੜਾ ਸਾਰਿਆਂ ਮਨੁੱਖਾਂ *[ਸਮਰਥਾ ਭਰਿਆ ਸ਼ੁੱਧ ਕਰਨ ਵਾਲਾ; ਇਬਰਾਨੀਆਂ 7:25]* ਦਾ ਪਰ ਖ਼ਾਸ ਕਰਕੇ ਨਿਹਚਾਵਾਨਾਂ ਦਾ ਮਸੀਹ ਹੈ'' (4:10)।[20] ਇਸ ਤੋਂ ਸਾਨੂੰ ਆਪਣੀ ਆਸ ਨੂੰ ਜ਼ਿੰਦਾ ਰੱਖਣ ਲਈ ਦਲੇਰੀ ਮਿਲਣੀ ਚਾਹੀਦੀ ਹੈ। ਖ਼ੁਦਾ ਦੇ ਸੇਵਕ ਨੂੰ ਔਕੜਾਂ ਦਾ ਸਾਹਮਣਾ ਕਰਨਾ ਪਵੇਗਾ। ਕੁਝ ਲੋਕ ਨਿਰਾਸ਼ ਕਰਨ ਵਾਲੀਆਂ ਇਨ੍ਹਾਂ ਗੱਲਾਂ ਨੂੰ ਵੇਖ ਕੇ ਆਸ ਛੱਡ ਦੇਣਗੇ। ਪਰ ਖ਼ੁਦਾ ਮਰਿਆ ਨਹੀਂ ਹੈ ਅਤੇ ਲੋਕਾਂ ਦਾ ਬਚਾਇਆ ਜਾਣਾ ਬੰਦ ਨਹੀਂ ਹੋਇਆ ਹੈ। ਨਕਾਰਾਤਮਕ ਪਹਿਲੂ ਦਾ ਸਾਹਮਣਾ ਕਰਨ ਤੇ ਸਾਨੂੰ ਆਸ ਨਹੀਂ ਛੱਡ ਦੇਣੀ ਚਾਹੀਦੀ। ਯਿਸੂ ਦੀ ਨਬੂਵਤ ਮੁਤਾਬਕ ਰਸੂਲਾਂ ਨੇ ਖ਼ੁਦਾ ਦੀ ਸੇਵਾ ਲਈ ਦੁੱਖ ਝੱਲਿਆ ਅਤੇ ਮਰੇ ਵੀ (ਮੱਤੀ 24:1-3, 9; 2 ਤਿਮੋਥਿਉਸ 4:7, 8, 16-18); ਪਰ ਪੌਲੁਸ ਨੇ ਉਨ੍ਹਾਂ ਨੂੰ ਇੱਥੇ ਆਸ ਦੇ ਦੂਤ ਹੀ ਕਿਹਾ। ਹਰ ਘਾਟੇ ਉੱਤੇ ਆਸ ਦਾ ਸਮਾਨ ਲਾਉਣ ਵਾਲੇ, ਉਹ ਮਾਪਦੰਡ ਠਹਿਰਾਉਣ ਵਾਲੇ ਕਿੰਨੇ ਜ਼ਬਰਦਸਤ ਸਨ! ਹੇ ਪ੍ਰਚਾਰਕ, ਕੀ ਤੁਹਾਡੇ ਵਿਚ ਸੁਰਗੀ ਆਸ ਨਜ਼ਰ ਆਉਂਦੀ ਹੈ।

## ਪੂਰੀ ਕੀਤੀ ਜਾਣ ਵਾਲੀ ਲੋੜ (ਆਇਤਾਂ 11, 12)

ਪੌਲੁਸ ਨੇ ਜ਼ੋਰ ਦਿੱਤਾ ਕਿ ਜਿਸ ਗੱਲ ਦੀ ਚਰਚਾ ਉਹ ਕਰ ਰਿਹਾ ਸੀ ਅਤੇ ਜੋ ਰਸੂਲ ਕਰ ਰਹੇ ਸਨ ਉਸ ਦੀ ਸਿਫ਼ਾਰਿਸ਼ ਕਰਨਾ ਅਤੇ ਸਿਖਾਉਣਾ ਲਾਜ਼ਮੀ ਹੈ। ''ਹੁਕਮ'' (ਯੂ.: *paraggelle;* ''ਉਨ੍ਹਾਂ ਦਾ ਧਿਆਨ ਖਿੱਚਣਾ'') ਅਤੇ ''ਸਿਖਾਉਣਾ'' (ਯੂ.: *didaske*; ''ਲੋੜਵੰਦਾਂ ਨੂੰ ਮਦਦ ਦੇਣਾ''; ਰਸੂਲਾਂ ਦੇ ਕੰਮ 8:29-35) ਦੋਵੇਂ ਹੀ ਆਦੇਸ਼ ਸੂਚਕ ਹਨ ਜਿਸ ਵਿਚ ਪੌਲੁਸ ਕਹਿ ਰਿਹਾ ਸੀ ਕਿ (1) ਇਸ ਨੂੰ ਕਰਦੇ ਰਹਿਣਾ ਅਤੇ (2) ਕੀਤਾ ਜਾਣਾ *ਲਾਜ਼ਮੀ ਹੈ*। ਅਸਲ ਵਿਚ ਉਸ ਨੇ ਤਿਮੋਥਿਉਸ ਨੂੰ ਦੱਸਿਆ ਕਿ ''ਬੇਦੀਨ ਹੋਣ, ਝੂਠੀ ਸਿੱਖਿਆ, ਸੰਸਾਰਕ ਕਹਾਣੀਆਂ, ਜਵਾਨੀ ਦੀ ਅਭਿਲਾਸ਼ਾ *[ਇਸ ਵਿਚਾਰ ਨੂੰ ਪੌਲੁਸ ਨੇ ਬਾਅਦ ਵਿਚ ਵਿਸਤਾਰ ਨਾਲ ਸਮਝਾਉਣਾ ਸੀ]* ਜਾਂ ਕੋਈ ਵੀ ਅਜਿਹੀ ਚੀਜ਼ ਜਿਹੜੀ ਤੈਨੂੰ ਉਨ੍ਹਾਂ ਗੱਲਾਂ ਵਿਚ ਦੂਜਿਆਂ ਨੂੰ ਹੁਕਮ ਦੇਣ ਅਤੇ ਸਿਖਾਉਣ ਵਿਚ ਰੋਕਦੀ ਹੋਵੇ, ਅੱਗੇ ਨਾ ਆਉਣ ਦੇ!'' (ਵੇਖੋ 3:14, 15; 4:1-12.)

ਅਧਿਆਇ 4 ਕਿਸੇ ਵੀ ਜਵਾਨ ਇਵੈਂਜਲਿਸਟ ਲਈ ਸਿਖਰ ਵਾਲੀ ਚੁਣੌਤੀ ਨਾਲ ਖ਼ਤਮ ਹੁੰਦਾ ਹੈ ਜਿਸ ਵਿਚ ਪੌਲੁਸ ਨੇ ਉਮਰ ਵਾਲੇ ਇਕ ਸਿਆਣਪ ਭਰਿਆ ਮੁਲਾਂਕਣ ਕੀਤਾ ਹੈ। ਪੌਲੁਸ ਨੇ ਅਕਲਮੰਦੀ ਨੂੰ ਆਮ ਤੌਰ ਤੇ ਉਮਰ ਨਾਲ ਜੋੜਿਆ ਹੈ ਅਤੇ ਨਿਚੋੜ ਕੱਢਿਆ ਕਿ ਸ਼ੁੱਧਤਾ ਵੱਡੀ ਉਮਰ ਦੀ ਨੁੱਕਰ ਵਿਚ ਹੀ ਮਿਲਦੀ ਹੈ। ਇਹ ਤੱਥ ਕਿ ਲੋਕ ਅਜਿਹਾ ਸੋਚਦੇ ਹਨ ਇਸ ਗੱਲ ਦੀ ਮੰਗ ਕਰਦਾ ਹੈ ਕਿ ਜਵਾਨ ਪ੍ਰਚਾਰਕ ਚੌਕਸੀ ਨਾਲ ਆਪਣੀ ਇੱਜ਼ਤ ਬਣਾਈ ਰੱਖੇ। ਪੌਲੁਸ ਨੇ ਤਿਮੋਥਿਉਸ ਨੂੰ ਇਸ ਨਮੂਨੇ ਨੂੰ ਅਪਣਾਉਣ ਦਾ ਹੁਕਮ ਦਿੱਤਾ ਤਾਂ ਜੋ ਕੋਈ ਉਸ ਨੂੰ ਜਾਂ ਉਸ ਦੀ ਜਵਾਨੀ ਨੂੰ *ਤੁੱਛ*[21] ਨਾ ਸਮਝ ਸਕੇ ਜਾਂ ਉਸ ਦਾ ਨਿਆਦਰ ਨਾ ਕਰੇ (4:12)। ਪੌਲੁਸ ਇਕ ਅਜਿਹੀ ਮੁਸ਼ਕਿਲ ਨੂੰ ਸਾਹਮਣੇ ਲਿਆ ਰਿਹਾ ਸੀ ਜਿਸ ਉੱਤੇ ਪ੍ਰਚਾਰਕਾਂ ਅਤੇ ਭਾਈਆਂ ਨੂੰ ਵਿਚਾਰ ਕਰਨ ਦੀ ਲੋੜ ਹੈ। ਕੁਝ ਜਵਾਨ ਪ੍ਰਚਾਰਕ ਉਨ੍ਹਾਂ ਭਾਈਆਂ ਰਾਹੀਂ ਹੀ ''ਖ਼ਤਮ'' ਹੋ ਗਏ ਹਨ ਜਿਹੜੇ ਉਨ੍ਹਾਂ ਨੂੰ ਨਿਕੰਮੇ ਸਮਝਦੇ ਸਨ ਜਾਂ ਉਨ੍ਹਾਂ ਨਾਲ ਜ਼ਲਾਲਤ ਭਰਿਆ ਵਿਹਾਰ ਕਰਦੇ ਸਨ। ਅਜਿਹਾ ਸਲੂਕ ਮਾੜਾ ਅਤੇ ਦੁਖੀ ਕਰਨ ਵਾਲਾ ਹੈ, ਪਰ ਜਵਾਨ

ਆਦਮੀ ਪ੍ਰਭੂ ਦੇ ਕੰਮ ਨੂੰ ਅਸਾਨੀ ਨਾਲ ਇਸ ਤਰ੍ਹਾਂ ਗ੍ਰਹਿਣ ਕਰ ਸਕਦਾ ਹੈ ਜਿਸ ਨਾਲ ਉਹ ਆਪਣੇ ਭਰਾਵਾਂ ਦੇ ਮਜ਼ਾਕ ਦਾ ਕਾਰਣ ਬਣ ਜਾਵੇ।

ਪੌਲੁਸ ਨੇ ਤਿਮੋਥਿਉਸ ਨੂੰ ਕਿਹਾ, ''ਕੋਈ ਤੇਰੀ ਜਵਾਨੀ ਨੂੰ ਤੁੱਛ ਨਾ ਜਾਣੇ ...'' (4:12)। ''ਜਵਾਨੀ'' (ਯੂ.: *niotetos*) ਲਈ ਪੌਲੁਸ ਦਾ ਸ਼ਬਦ ਚਾਲੀ ਸਾਲ ਤਕ ਦੇ ਕਿਸੇ ਵੀ ਉਮਰ ਵਾਲੇ ਲਈ ਵਰਤਿਆ ਜਾ ਸਕਦਾ ਹੈ।[22] ਤਿਮੋਥਿਉਸ ਉਸ ਗੰਭੀਰ ਅਤੇ ਜ਼ਿੰਮੇਵਾਰੀ ਵਾਲੇ ਕੰਮ ਲਈ ਜਿਹੜਾ ਪੌਲੁਸ ਨੇ ਉਸ ਨੂੰ ਕਰਨ ਲਈ ਦਿੱਤਾ ਸੀ, ਸੱਚਮੁੱਚ ਜਵਾਨ ਸੀ ਅਤੇ ਉਸ ਨੂੰ ਹਰ ਉਮਰ ਦੇ ਲੋਕਾਂ ਨਾਲ ਸਬੰਧ ਬਣਾਉਣਾ ਸਿੱਖਣਾ ਲਾਜ਼ਮੀ ਸੀ। ਤਿਮੋਥਿਉਸ ਨੂੰ ਦਿੱਤੀਆਂ ਗਈਆਂ ਜ਼ਿੰਮੇਵਾਰੀਆਂ ਉਹੀ ਸਨ ਜਿਹੜੀਆਂ ਅੱਜ ਦੇ ਜਵਾਨ ਇਵੈਂਜਲਿਸਟ ਦੀਆਂ ਹਨ, ਇਸ ਕਰਕੇ ਪੌਲੁਸ ਦੀ ਇਹ ਚਿਤਾਵਨੀ ਬੜੀ ਹੀ ਵਿਹਾਰਕ ਹੈ।

## ਪਾਠ 13: ਪ੍ਰਚਾਰਕ ਦਾ ਸੰਖੇਪ ਜੀਵਨ ਚਰਿੱਤਰ ਅਤੇ ਮਕਸਦ (4:12-16)

ਜਵਾਨ ਇਵੈਂਜਲਿਸਟ ਵੱਲੋਂ ਠਹਿਰਾਏ ਜਾਣ ਵਾਲੇ ਆਦਰਸ਼[23] ਉਹਦੇ ਚਰਿੱਤਰ, ਉਹਦੇ ਵਿਹਾਰ, ਉਹਦੀ ਚਿੰਤਾ ਅਤੇ ਉਸ ਦੇ ਚੁਣੇ ਜਾਣ ਨਾਲ ਜੁੜੇ ਹਨ।

### ਉਸਦਾ ਚਰਿੱਤਰ (ਆਇਤ 12)

ਤਿਮੋਥਿਉਸ ਨੇ ਪੰਜ ਤਰ੍ਹਾਂ ਨਾਲ ਆਦਰਸ਼ ਬਣਨਾ ਸੀ:

ਵਚਨ-ਗੱਲਬਾਤ ਕਰਨੀ
ਚਾਲ ਚਲਨ-ਸੇਵਾ ਵਿਚ
ਪ੍ਰੇਮ-ਸੇਵਾ ਵਿਚ ਉਹਦਾ ਮਨ
ਨਿਹਚਾ-ਵਚਨ ਵਿਚ ਉਹਦਾ ਟਿਕਿਆ ਰਹਿਣਾ
ਪਵਿੱਤਰਤਾਈ-ਉਹਦੀ ਜ਼ਿੰਦਗੀ ਦਾ ਪਾਪ ਤੋਂ ਰਹਿਤ ਹੋਣਾ

ਇਸ ਸੂਚੀ ਵਿਚ ਸੰਖੇਪ ਵਿਚ ਉਨ੍ਹਾਂ ਸਭ ਨਿਯਮਾਂ ਨੂੰ ਦੱਸਿਆ ਗਿਆ ਹੈ ਜਿਹੜੇ ਇਕ ਇਵੈਂਜਲਿਸਟ ਦੇ ਰੂਪ ਵਿਚ ਕੰਮ ਕਰਦਿਆਂ ਜਵਾਨ ਆਦਮੀ ਦੇ ਸਾਹਮਣੇ ਆਉਣਗੇ। ਇਸ ਵਿਚ ਜ਼ਿੰਦਗੀ ਦੇ ਹਰ ਖੇਤਰ ਲਈ ਜ਼ਿੰਮੇਵਾਰੀ ਦਿੱਤੀ ਗਈ ਹੈ।

*ਪ੍ਰਚਾਰ ਕਰਨਾ: ''ਵਚਨ ਵਿਚ''* (ਯੂ.: *en logo*)। ਇਹੀ ਯੂਨਾਨੀ ਸ਼ਬਦ 1 ਤਿਮੋਥਿਉਸ 5:17 ਵਿਚ ਐਲਡਰਾਂ ਦੇ ਸਬੰਧ ਵਿਚ ਫੇਰ ਮਿਲਦਾ ਹੈ। ਉੱਥੇ ਇਸ ਦਾ ਅਰਥ ਹੋਰ ਵਿਸਤਾਰ ਨਾਲ ਸਮਝਾਇਆ ਜਾਵੇਗਾ। ਇੱਥੇ ਉਸ ਸੰਦਰਭ ਵਿਚ ਇਸਦੀ ਵਰਤੋਂ ਦੀ ਆਗਿਆ ਕਰਨ ਵਿਚ ਮਦਦ ਮਿਲਦੀ ਹੈ। ਇਹ ਵਾਕ ਅੰਸ਼ ਇਵੈਂਜਲਿਸਟ ਦੀ ਜ਼ਿੰਦਗੀ ਦੀ ਮੁੱਖ ਗੱਲ ਦੱਸਦਾ ਹੈ। ਉਸ ਨੂੰ ਅਬਦੀ ਵਿਸ਼ਾ ਅਤੇ ਲੋਕਾਂ ਦੀਆਂ ਨਿੱਜੀ ਲੋੜਾਂ ਬਾਰੇ ਜਨਤਕ ਤੌਰ ਤੇ ਘਰ ਘਰ ਦੱਸਦੇ ਰਹਿਣਾ ਚਾਹੀਦਾ ਹੈ। ਉਹ *ਜੋ* ਕੁਝ ਦੱਸਦਾ ਹੈ ਅਤੇ *ਜਿਵੇਂ* ਕਹਿੰਦਾ ਹੈ ਉਸ ਨਾਲ ਬਹੁਤ ਸਾਰੇ ਲੋਕਾਂ ਦਾ ਧਿਆਨ ਖਿੱਚੇਗਾ।

*ਕਰਮ: ''ਚਾਲ ਚਲਨ ਵਿਚ।''*[24] ਇਹ ਠੱਪੇ ਦਾ ਉੱਪਰਲਾ ਰੰਗ ਹੈ ''ਮੈਂ ਤੁਹਾਡੀ ਗੱਲ ਸੁਣ ਨਹੀਂ ਸਕਦਾ ਕਿਉਂਕਿ ਮੈਨੂੰ ਪਤਾ ਹੈ ਕਿ ਤੁਸੀਂ ਕੀ ਹੋ।'' ਇਸ ਨੂੰ ਉਲਟਾ ਕਰਨ ਤੇ ਅਸੀਂ ਵੇਖਦੇ ਹਾਂ ਕਿ ਲੋਕ ਯਿਸੂ ਦੀ ਗੱਲ ਵੱਲ ਕਿਉਂ ਧਿਆਨ ਦਿੰਦੇ ਸਨ। ਮਸੀਹ ਦੀ ਜ਼ਿੰਦਗੀ ਦਾ ਪਰਛਾਵਾਂ ਹਮੇਸ਼ਾ ਉਸ ਦੇ ਉਪਦੇਸ਼ ਦੇ ਅੱਗੇ ਰਹਿੰਦਾ ਸੀ। ਉਸ ਦੀ ਪੈੜ ਤੇ ਚੱਲਣ ਵਾਲੇ ਸਭ ਲੋਕਾਂ ਦੀ ਵੀ ਇਹੀ ਗੱਲ ਸੱਚ ਹੈ!

*ਸੁਭਾਅ: ''ਪ੍ਰੇਮ ਵਿਚ।''*[25] ਖ਼ੁਦਾ ਅਤੇ ਮਨੁੱਖਾਂ ਵਿਚ ਹਮਾਇਤ ਪਾਉਣ ਵਾਲੀ ਜ਼ਿੰਦਗੀ ਜੀਣ ਲਈ ਜਜ਼ਬਾਤ ਦੀ ਅੱਗ ਜ਼ਰੂਰੀ ਹੈ। ਪ੍ਰੇਮ ਸਾਨੂੰ ਅਜਿਹਾ ਵਿਹਾਰ ਕਰਨ ਲਈ ਪ੍ਰੇਰਦਾ ਹੈ ਕਿ ਸਾਡੇ ਜੀਣ ਦਾ ਢੰਗ ਕਪਟ ਰਹਿਤ ਅਤੇ ਚੰਗਾ ਨਮੂਨਾ ਬਣ ਜਾਵੇ (ਯੂਹੰਨਾ 13:34, 35; 1 ਕੁਰਿੰਥੀਆਂ 13:1-8)।

*ਮਜ਼ਬੂਤੀ: ''ਵਿਸ਼ਵਾਸ ਵਿਚ।''* ਵਿਸ਼ਵਾਸ ਨਾਲ ਬੋਲਣ, ਜ਼ਿੰਦਾ ਰਹਿਣ ਅਤੇ ਪ੍ਰੇਮ ਕਰਨ ਦੇ ਕਿਸੇ ਵੀ ਇਰਾਦੇ ਵਿਚ ਮਜ਼ਬੂਤ ਰਹਿਣ ਲਈ ਇਲਾਹੀ ਪ੍ਰੇਰਣਾ ਮਿਲਦੀ ਹੈ। ਇਹ ਆਦਮੀ ਨੂੰ ਮੌਜੂਦਾ ਅਜ਼ਮਾਇਸ਼ਾਂ ਅੱਗੇ ਅਬਦੀ ਫ਼ਤਹਿ ਲਈ ਵੇਖਣ ਦੇ ਯੋਗ ਬਣਾਉਂਦਾ ਹੈ (ਯਾਕੂਬ 1:2-4; ਰੋਮੀਆਂ 8:22-25; ਇਬਰਾਨੀਆਂ 11:9-19)।

*ਭਲਮਾਨਸੀ: ''ਪਵਿੱਤਰਤਾਈ ਵਿਚ।''*[26] ਇੱਥੇ ਸਾਨੂੰ ਹੋਰ ਸਭ ਖੂਬੀਆਂ ਦਾ ਸਾਰ ਮਿਲਦਾ ਹੈ। ਜੇ ਇਵੈਂਜਲਿਸਟ ਦਾ ਬੋਲਚਾਲ, ਜ਼ਿੰਦਗੀ, ਜਾਂ ਪ੍ਰੇਮ ਜਾਂ ਵਿਸ਼ਵਾਸ ਕਪਟ ਰਹਿਤ ਨਹੀਂ ਹੈ ਤਾਂ ਉਸ ਦਾ ਚਰਿੱਤਰ ਮੈਲਾ ਜਾਂ ਉਸ ਦਾ ਨਮੂਨਾ ਖ਼ਤਮ ਹੋ ਜਾਂਦਾ ਹੈ। ਬਾਈਬਲ ਨਿਸ਼ਕਪਟਤਾ ਦੀ ਲੋੜ ਤੇ ਜ਼ੋਰ ਦਿੰਦੀ ਹੈ (1 ਪਤਰਸ 1:22; 1 ਕੁਰਿੰਥੀਆਂ 1:5)।

ਪੌਲੁਸ ਨੇ ਤਿਮੋਥਿਉਸ ਨੂੰ ਇਨ੍ਹਾਂ ਸਭ ਗੱਲਾਂ ਵਿਚ ਆਦਰਸ਼ ਬਣਨ ਦੀ ਚੁਣੌਤੀ ਦਿੱਤੀ। ਇਸ ਚੁਣੌਤੀ ਨੂੰ ਲੈ ਲੈਣ ਵਾਲੇ ਪ੍ਰਚਾਰਕ ਦੀ ਜ਼ਿੰਦਗੀ ਕਿੰਨੀ ਸ਼ਾਨਦਾਰ ਹੋਵੇਗੀ ਅਤੇ ਉਹ ਕਿੰਨਾ ਵਧੀਆ ਕੰਮ ਕਰ ਸਕੇਗਾ!

## ਉਸਦਾ ਚਾਲ ਚਲਨ (ਆਇਤ 13)

ਪੌਲੁਸ ਨੇ ਇਵੈਂਜਲਿਸਟ ਦੇ ਚਾਲ ਚਲਨ ਬਾਰੇ ਤਿੰਨ ਹੁਕਮ ਦਿੱਤੇ। ਹਰ ਹੁਕਮ ਨਾਲ ਉਸ ਨੇ ''ਕਿਵੇਂ ਕਰਨਾ'' ਦੀਆਂ ਹਦਾਇਤਾਂ ਜੋੜੀਆਂ ਹਨ।

ਸਹੀ ਚਾਲ ਚਲਨ ਲਈ ਪਹਿਲੀ ਜ਼ਰੂਰੀ ਗੱਲ ''ਪੜ੍ਹਨਾ'' ਹੈ।[27] ਇਸ ਵਿਚ ਰੋਜ਼ ਬਾਈਬਲ ਪੜ੍ਹਨ ਵਾਲਾ ਹੋਣ ਤੋਂ ਕਿਤੇ ਜਿਆਦਾ ਬਣਨ ਦੀ ਲੋੜ ਹੈ। ਜੋ ਪੌਲੁਸ ਨੇ ਚਾਹਿਆ ਸੀ ਉਸ ਨੂੰ ਪਾਉਣ ਲਈ ਖੋਜ, ਸ਼ਬਦਾਂ ਦਾ ਅਧਿਐਨ, ਯਾਦ ਕਰਨਾ, ਮਨਨ ਕਰਨਾ ਅਤੇ ਸਮੀਖਿਆ ਕਰਨੀ ਲਾਜ਼ਮੀ ਹੋਵੇਗੀ। ਇਹ ਕੰਮ ਸ਼ਾਂਤਚਿੱਤ ਹੋ ਕੇ ਸਿੱਖਣ ਵਾਲੇ ਲਈ ਵੀ ਹੈ ਕਿਉਂਕਿ ਉਸ ਨੂੰ ''ਵਚਨ ਸੁਣਾਉਣ ਅਤੇ ਸਿੱਖਿਆ ਦੇਣ ਵਿਚ ਮਿਹਨਤ'' ਕਰਨੀ ਪਵੇਗੀ (1 ਤਿਮੋਥਿਉਸ 5:17)।

ਭਗਤੀ ਭਰੇ ਚਾਲ-ਚਲਨ ਲਈ ਦੂਜੀ ਮੁੱਖ ਗੱਲ ''ਉਪਦੇਸ਼'' ਹੈ।[28] ਹਰ ਤਰ੍ਹਾਂ ਦੀਆਂ ਇਨਸਾਨੀ ਲੋੜਾਂ ਨੂੰ ਪੂਰੀਆਂ ਕਰਨ ਲਈ, ਤਸੱਲੀ ਦੇਣ, ਦਿਲਾਸਾ ਦੇਣ, ਹੱਥ ਅੱਡਣ, ਬੇਨਤੀ ਕਰਨ, ਦੁਆ ਕਰਨ, ਜੋਸ਼ ਦੁਆਉਣ, ਹਦਾਇਤ ਕਰਨ ਅਤੇ ਸਮਝਾਉਣ ਦੀ ਲੋੜ ਪਵੇਗੀ। ਹੁਣ ਤੀਤੁਸ 1:9 ਨੂੰ ਮਿਲਾ ਲਵੋ, ਜਿਸ ਵਿਚ ਐਲਾਨ ਹੈ ਕਿ ਇਹ ਉਪਦੇਸ਼ ''ਖਰੀ ਸਿੱਖਿਆ ਨਾਲ'' ਦਿੱਤੇ ਜਾਣ। ਇਸ ਲਈ ਸੱਚਾਈ ਦਾ ਗਿਆਨ ਹੋਣਾ ਜ਼ਰੂਰੀ ਹੈ। ਭਲਾ ਕਿਸੇ ਨੂੰ ਇਸ

ਗੱਲ ਤੇ ਸ਼ੱਕ ਹੈ ਕਿ ਖ਼ੁਦਾ ਦਾ ਵਚਨ ਇਨ੍ਹਾਂ ਸਭ ਲੋੜਾਂ ਨੂੰ ਪੂਰਾ ਕਰ ਸਕਦਾ ਹੈ। ਕਿੰਨੇ ਇਵੈਂਜਲਿਸਟ ਸੱਚਾਈ ਨੂੰ ਐਨੀ ਚੰਗੀ ਤਰ੍ਹਾਂ ਜਾਣਦੇ ਹਨ ਕਿ ਉਹ ਇਕ ਨੂੰ ਤਸੱਲੀ, ਦੂਜੇ ਨੂੰ ਦਲੇਰੀ, ਅਤੇ ਕਿਸੇ ਹੋਰ ਨੂੰ ਹਦਾਇਤ ਦੇ ਕੇ ਲੋੜ ਮੁਤਾਬਕ ਚਿਤਾਵਨੀ ਦੇਵੇ ਅਤੇ ਇਹ ਖਰੀ ਸਿੱਖਿਆ ਨਾਲ ਹੋਵੇ?

ਚਾਲ ਚਲਨ ਦੀ ਪੌਲੁਸ ਦੀ ਤੀਸਰੀ ਮੁੱਖ ਸਿੱਖਿਆ ''ਸਿਖਾਉਣਾ'' ਹੈ।[29] ਲੂਕਾ 6:40 ਟਿੱਪਣੀ ਕਰਦਾ ਹੈ ਕਿ ਸਹੀ ਢੰਗ ਨਾਲ ਸਿਖਾਇਆ ਗਿਆ ਆਦਮੀ ਆਪਣੇ ਗੁਰੂ ਵਰਗਾ ਹੀ ਹੋਵੇਗਾ। ਮੱਤੀ 10:25 ਇਸ ਵਿਚ ਜੋੜਦਾ ਹੈ ਕਿ ਚੇਲੇ ਲਈ ਗੁਰੂ ਦੇ ਬਰਾਬਰ ਹੋਣਾ ਹੀ ਕਾਫ਼ੀ ਹੈ। ਸੱਚਮੁੱਚ ਗੁਰੂ ਲਈ ਸਭ ਤੋਂ ਵੱਡਾ ਸੇਵਕ ਅਤੇ ਬੁਲਾਰਾ ਹੋਣਾ ਲਾਜ਼ਮੀ ਹੈ। *ਕਿੰਨੇ ਗੁਰੂ* ਭਾਵ ਸਿੱਖਿਆ ਦੇਣ ਵਾਲੇ ਅਤੇ ਇਵੈਂਜਲਿਸਟ ਇਸ ਚੁਣੌਤੀ ਉੱਤੇ ਖਰੇ ਉੱਤਰਦੇ ਹਨ?

ਇਨ੍ਹਾਂ ਤਿੰਨਾਂ ਚੁਣੌਤੀਆਂ ਦੀ ਭੂਮਿਕਾ ''ਲੱਗਾ ਰਹਿ'' ਦੇ ਹੁਕਮ ਨਾਲ ਦਿੱਤੀ ਗਈ ਹੈ।[30] ਪਿੱਛੇ ਮੁੜ ਕੇ ਇਨ੍ਹਾਂ ਤਿੰਨੇ ਮੁੱਖ ਗੱਲਾਂ ਤੇ ਜਿਹੜੀਆਂ ਹੁਣੇ ਹੁਣੇ ਦੱਸੀਆਂ ਗਈਆਂ ਹਨ, ਇਸ ਧਾਰਣਾ ਨੂੰ ਲਾਗੂ ਕਰੋ। ਅਜਿਹੇ ਚਾਲ-ਚਲਨ ਤੇ ਚੌਕਸੀ ਨਾਲ ਧਿਆਨ ਦੇਣ ਵਾਲਾ ਆਪਣੇ ਆਪ ਨੂੰ ਕਦੇ ਕੰਮ ਦੇ ਬਗੈਰ ਨਹੀਂ ਪਾਏਗਾ!

ਸਾਫ਼ ਹੈ ਕਿ ਇਕ ਇਵੈਂਜਲਿਸਟ ਲਈ ਖ਼ੁਦਾ ਦੇ ਵਚਨ ਨੂੰ ਡੂੰਘਿਆਈ ਨਾਲ ਜਾਣਨ ਦਾ ਮਾਪਦੰਡ ਠਹਿਰਾਉਣਾ ਕਿੰਨਾ ਲਾਜ਼ਮੀ ਹੈ। ਇਸ ਲਈ ਆਓ ਅਸੀਂ ਉਨ੍ਹਾਂ ਪੰਜ ਢੰਗਾਂ ਦੀ ਸਮੀਖਿਆ ਕਰਦੇ ਹਾਂ ਜਿਨ੍ਹਾਂ ਨਾਲ ਅਸੀਂ ਖ਼ੁਦਾ ਦੇ ਵਚਨ ਨੂੰ ਜਾਣ ਸਕਦੇ ਹਾਂ:

(1) ਸਾਡੇ ਅੰਦਰ ਉਸ ਦੇ ਵਚਨ ਨੂੰ ਜਾਣਨ ਦੀ ਇੱਛਾ ਹੋਣੀ ਲਾਜ਼ਮੀ ਹੈ (ਯੂਹੰਨਾ 7:17)।

(2) ਸਾਨੂੰ ਇਸ ਨੂੰ ਉਵੇਂ ਹੀ ਕਬੂਲ ਕਰਨਾ ਚਾਹੀਦਾ ਹੈ ਜਿਵੇਂ ਕਿ ਹੈ, ਭਾਵ *ਖ਼ੁਦਾ ਦੇ ਵਚਨ* ਦੇ ਰੂਪ ਵਿਚ (1 ਥੱਸਲੁਨੀਕੀਆਂ 2:13; 2 ਪਤਰਸ 1:20, 21)।

(3) ਸਾਡੇ ਲਈ ਇਸ ਨੂੰ ਸਿਰਫ਼ ਸੁਣਨਾ ਹੀ ਕਾਫ਼ੀ ਨਹੀਂ ਹੈ, ਪੂਰਾ ਕਰਨਾ ਵੀ ਜ਼ਰੂਰੀ ਹੈ (ਯਾਕੂਬ 1:23-25)।

(4) ਸਾਨੂੰ ਬਰਕਤ ਪਾਉਣ ਲਈ ਖ਼ੁਦਾ ਦੇ ਵਚਨ ਤੇ ਮਨਨ ਕਰਨਾ ਜ਼ਰੂਰੀ ਹੈ (ਜ਼ਬੂਰ 1:1-3; 119:52, 55, 56)।

(5) ਇਸ ਵਿਚ ਬਣੇ ਰਹਿਣਾ ਜ਼ਰੂਰੀ ਹੈ (ਯੂਹੰਨਾ 8:31, 32)।

## ਉਸਦੀ ਚਿੰਤਾ (ਆਇਤ 14)

ਇਵੈਂਜਲਿਸਟ ਦੇ ਚਰਿੱਤਰ ਅਤੇ ਚਾਲ-ਚਲਨ ਨੂੰ ਐਨਾਂ ਵੱਡਾ ਕੰਮ ਸੌਂਪ ਦੇਣ ਬਾਅਦ ਪੌਲੁਸ ਨੇ ਆਪਣੀ ਬੇਨਤੀ ਵਿਚ ਇਕ ਗੰਭੀਰ ਗੱਲ ਵੀ ਜੋੜ ਦਿੱਤੀ: ''...ਬੇਪਰਵਾਹੀ ਨਾ ਕਰ।''[31] *ਬੇਪਰਵਾਹ ਹੋਣ ਵਿਚ ਸਾਨੂੰ ਇਕ ਇਵੈਂਜਲਿਸਟ ਦੀ ਨਾਕਾਮੀ ਦੇ ਚਾਰ ਕਾਰਣ ਮਿਲਦੇ ਹਨ।* ਪੌਲੁਸ ਦੇ ਹੁਕਮਾਂ ਤੋਂ ਬੇਪਰਵਾਹ ਰਹਿਣ ਵਾਲਾ ਭਾਵ ਉਨ੍ਹਾਂ ਨੂੰ ਨਜ਼ਰਅੰਦਾਜ ਕਰਨ ਵਾਲਾ ਆਦਮੀ (1) ਧਿਆਨ ਨਹੀਂ ਦੇਵੇਗਾ, (2) ਸੁਣੇਗਾ ਨਹੀਂ, (3) ਪਰਵਾਹ ਨਹੀਂ ਕਰੇਗਾ ਅਤੇ (4) ਤਿਆਰ ਨਹੀਂ ਹੋਵੇਗਾ। ਹੇ ਪ੍ਰਚਾਰਕ ਇਨ੍ਹਾਂ ਵਿਚ ਤੁਹਾਡੀ ਕਮਜ਼ੋਰੀ ਕੀ ਹੈ?

ਇਸ ਸੰਦਰਭ ਵਿਚ ਜਿਸ ਖ਼ਾਸ ਬੇਪਰਵਾਹੀ ਵੱਲ ਪੌਲੁਸ ਨੇ ਧਿਆਨ ਦੁਆਇਆ ਉਹ ''ਰੂਹਾਨੀ ਦਾਨ'' ਨਾਲ ਜੁੜੀ ਹੈ। ਇਹ ਦਾਨ ਜਿਹੜਾ ਨਬੂਵਤ ਨਾਲ ਦਿੱਤਾ ਗਿਆ ਸੀ (ਵੇਖੋ

2 ਤਿਮੋਥਿਉਸ 1:6), ''ਖ਼ੁਦਾਈ ਮੰਜ਼ੂਰੀ'' ਨੂੰ ਵਿਖਾਉਂਦਾ ਸੀ। ਇਹ ਐਲਡਰਾਂ ਦੇ ਹੱਥ ਰੱਖਣ ਨਾਲ ਦਿੱਤਾ ਗਿਆ ਸੀ, ਜੋ ਕਿ *ਇਨਸਾਨ ਦੀ ਮੰਜ਼ੂਰੀ* ਨੂੰ ਵਿਖਾਉਂਦਾ ਹੈ (ਰਸੂਲਾਂ ਦੇ ਕੰਮ 13:1-3; 1 ਤਿਮੋਥਿਉਸ 5:22)। ਅਜਿਹੇ ਦਾਨ ਦੀ ਬੇਪਰਵਾਹੀ ਕਰਨਾ ਗ਼ਲਤ ਹੈ।

ਹਰ ਇਵੈਂਜਲਿਸਟ ਨੂੰ ਚਾਹੀਦਾ ਹੈ ਕਿ ਉਹ ਖ਼ੁਦਾ ਦੀ ਕਿਰਪਾ ਅਤੇ ਮਨੁੱਖ ਦੀ ਭਲਿਆਈ ਰਾਹੀਂ ਦਿੱਤੀ ਗਈ ਮੰਜ਼ੂਰੀ ਦੇ ਆਦਰ ਦੀ ਖੋਜ਼ ਵਿਚ ਰਹੇ। ਪੌਲੁਸ ਨੇ ਮਸੀਹੀ ਲੋਕਾਂ ਨੂੰ ਸੇਵਾ ਕਰਨ ਦੇ ਇਸ ਮੌਕੇ ਦਾ ਸਨਮਾਨ ਕਰਨ ਦੀ ਆਖ਼ਰੀ ਬੇਨਤੀ ਕੀਤੀ।

## ਉਸਦਾ ਚੁਣਿਆ ਜਾਣਾ (ਆਇਤਾਂ 15, 16)

ਇਸ ਅਧਿਆਇ ਵਿਚ ਜਿਸ ਚਰਿੱਤਰ ਅਤੇ ਚਾਲ-ਚਲਣ ਦੀ ਮੰਗ ਕੀਤੀ ਗਈ ਹੈ ਉਹਦੇ ਲਈ ''ਸੋਚਦੇ'' ਰਹਿਣਾ ਅਤੇ ਇਨ੍ਹਾਂ ਸਿਧਾਂਤਾਂ ਵਿਚ ''ਧਿਆਨ'' ਲਾਈ ਰੱਖਣਾ ਲਾਜ਼ਮੀ ਹੈ।[32] ਪੌਲੁਸ ਵੱਲੋਂ ਵਰਤਿਆ ਗਿਆ ਕ੍ਰਿਆ ਦਾ ਵਰਤਮਾਨ ਰੂਪ *ਇਸ ਨੂੰ ਕਰਦੇ ਰਹਿਣ* ਤੇ ਜ਼ੋਰ ਦਿੰਦਾ ਹੈ, ਅਤੇ ਆਦੇਸ਼ਸੂਚਕ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ *ਇਸ ਨੂੰ ਕੀਤਾ ਜਾਣਾ ਲਾਜ਼ਮੀ ਹੈ।* ਕੰਮ ਦੀ ਗੰਭੀਰਤਾ ਇਸ ਸ਼ਬਦ ਦੇ ਅਰਥ ਵਿਚ ਵੇਖੀ ਜਾਂਦੀ ਹੈ, ਜਿਸ ਵਿਚ ''ਕਰਨ ਦੇ ਯੋਗ'' ਹੋਣ ਦਾ ਵਿਚਾਰ ਸ਼ਾਮਿਲ ਹੈ। ਇਹ ਸੱਚਮੁੱਚ ਪੌਲੁਸ ਦੀ ਬੇਨਤੀ ਨਾਲ ਮੇਲ ਖਾਂਦਾ ਹੈ। ਜੋ ਕੋਈ ਵੇਖ ਨਾ ਰਿਹਾ ਹੁੰਦਾ ਤਾਂ ਇਸ ਨੂੰ ਕਰਨ ਦੀ ਲੋੜ ਨਹੀਂ ਹੁੰਦੀ। ਪਰ ਪੌਲੁਸ ਨੂੰ ਪਤਾ ਸੀ ਕਿ ਇਕ ਪ੍ਰਚਾਰਕ ਦਾ ਪ੍ਰਭਾਵ ਸੱਚਾਈ ਅਤੇ ਸ਼ੁੱਧਤਾ ਨਾਲ ਲੋਕਾਂ ਵਿਚ ਮਸ਼ਹੂਰ ਹੋਣਾ ਚਾਹੀਦਾ ਹੈ। ਮਸੀਹੀਅਤ ਵਿਚ, ਨਮੂਨਾ ਅਤੇ ਮਾਪਦੰਡ ਠਹਿਰਾਉਣ ਵਾਲੇ ਲੋਕ ਲੋੜਵੰਦਾਂ ਦੀਆਂ ਜ਼ਿੰਦਗੀਆਂ ਦੀ ਖਿੱਚ ਦਾ ਕੇਂਦਰ ਹੁੰਦੇ ਹਨ। ਖ਼ੁਦਾ ਦੇ ਲੋਕਾਂ ਦਾ ਵਿਹਾਰ ਲੋਕਾਂ ਨੂੰ ਖਿੱਚਣ ਵਾਲਾ ਹੋਣਾ ਚਾਹੀਦਾ ਹੈ।

ਖ਼ੁਦਾ ਦੇ ਲੋਕ ਜਦ ਕੰਮ ਕਰਦੇ ਹਨ ਤਾਂ ਉਨ੍ਹਾਂ ਨੂੰ ''ਤਰੱਕੀ[33] ਸਭਨਾਂ ਉੱਤੇ ਪਰਗਟ'' ਹੋ ਜਾਂਦੀ ਹੈ। ਇਹ ਧਿਆਨ ਦੇਣਾ ਚੰਗਾ ਹੈ ਕਿ ਇਸ ਸ਼ਬਦ ਦੇ ਕ੍ਰਿਆ ਰੂਪ ਦਾ ਅਰਥ ''ਹਥੌੜਾ ਮਾਰ ਕੇ ਫੈਲਾਉਣਾ'' ਹੈ। ਪੌਲੁਸ ਨੂੰ ਆਪਣੀ ਦੇਹ ਨੂੰ ਮਾਰਨਾ ਕੁੱਟਣਾ ਪਿਆ ਸੀ (1 ਕੁਰਿੰਥੀਆਂ 9:27)। ਥਾਮਸ ਐਡੀਸ਼ਨ ਦਾ ਮੁਲਾਂਕਣ ਹੈ ਕਿ ''ਕਾਢਾਂ *[ਤਰੱਕੀਆਂ]* ਪ੍ਰੇਰਣਾ ਨਾਲੋਂ ਪਸੀਨਾ ਵਹਾਉਣ ਨਾਲ ਵੱਧ ਮਿਲਦੀਆਂ ਹਨ'' ਢੁਕਵਾਂ ਲਗਦਾ ਹੈ। ਕਿਸੇ ਹੋਰ ਨੇ ਕਿਹਾ ਹੈ ਕਿ ਮੂਲ ਵਿਚਾਰ ਦਾ ਜਨਮ ਸਭ ਤੋਂ ਵੱਧ ਤਕਲੀਫ਼ਦੇਹ ਹੁੰਦਾ ਹੈ। ਤੱਥ ਇਹ ਹੈ ਕਿ ਤਰੱਕੀ ਦਾ ਲੋਕਾਂ ਵਿਚ ਚੱਲਣ ਲਈ ਸੱਚੁਮੱਚ ਗੰਭੀਰਤਾ ਅਤੇ ਸਮਰਪਣ ਜ਼ਰੂਰੀ ਹੈ।

ਇਹਦੇ ਇਲਾਵਾ ਇਸ ਸੰਦਰਭ ਵਿਚ ਖ਼ੁਦਾ ਦੀ ਪ੍ਰੇਰਣਾ ਨਾਲ ਦਿੱਤੇ ਸੰਖੇਪ ਜੀਵਨ ਚਰਿੱਤਰ ਨਾਲ ਕਿਸੇ ਦੀ ਤਰੱਕੀ ਦਾ ਵੀ ਸਬੰਧ ਹੈ। ਲੋਕ ਸੰਪਰਕਾਂ ਦੀ ਪੌੜੀ ਲਈ ਖਿਆਲੀ ਵਿਕਾਸ਼ ਦੀ ਪੌੜੀ ਤੇ ਨਿਰਭਰ ਨਹੀਂ ਰਿਹਾ ਜਾ ਸਕਦਾ ਹੈ। ਸਾਨੂੰ ਜ਼ਿੰਦਗੀ ਬਦਲਣ ਵਾਲੀ ਸੱਚਾਈ ਨਾਲੋਂ ਕੰਨਾਂ ਨੂੰ ਚੰਗਾ ਲੱਗਣ ਵਾਲੇ ਵਿਚਾਰ ਪੇਸ਼ ਕਰਕੇ ਮਸ਼ਹੂਰੀ ਪਾਉਣ ਦੀ ਖੋਜ ਨਹੀਂ ਕਰਨੀ ਚਾਹੀਦੀ (ਵੇਖੋ 2 ਤਿਮੋਥਿਉਸ 4:1-5; ਰੋਮੀਆਂ 12:1, 2)।

ਇਵੈਂਜਲਿਸਟ ਦੀ ਤਰੱਕੀ ਲੋਕਾਂ ਵੱਲੋਂ ਅਤੇ ਖ਼ੁਦਾ ਵੱਲੋਂ ਉਸ ਦੀ ਜ਼ਿੰਦਗੀ ਅਤੇ ਸੰਦੇਸ਼ ਨਾਲ ਪਰਖੀ ਜਾਵੇਗੀ। ਪੌਲੁਸ ਨੇ ਆਇਤ 16 ਵਿਚ ਤਿਮੋਥਿਉਸ ਨੂੰ ਦੱਸਿਆ ਕਿ ''ਆਪਣੇ ਆਪ ਦੀ ਅਤੇ ਆਪਣੀ ਸਿੱਖਿਆ ਦੀ ਰਾਖੀ ਕਰ।'' ਇਸ ਜਲਾਲੀ ਮਕਸੱਦ ਕਰਕੇ ਭਾਵ ''ਮੁਕਤੀ'' ਨੂੰ ਯਕੀਨੀ ਬਣਾਉਣ ਲਈ ਇਸ ਸੇਵਾ ਦੀ ਚੌਕਸੀ ਕਰਨਾ ਜ਼ਰੂਰੀ ਹੈ।[34]

ਇਸ ਵਿਚ ਸੱਚਮੁੱਚ ਇਕ ਸਿੱਧ ਵਿਵਸਥਾ ਤੋਂ ਇਕ ਸਿੱਧ ਯੋਜਨਾ ਦਿੱਤੀ ਗਈ ਹੈ। ਖ਼ੁਦਾ ਦੀ ਪ੍ਰੇਰਣਾ ਰਾਹੀਂ ਦਿੱਤੀ ਗਈ ਪੌਲੁਸ ਦੀ ਹਦਾਇਤ ਨੂੰ ਮੰਨ ਕੇ ਆਪਣੇ ਅਤੇ ਸੁਣਨ ਵਾਲਿਆਂ ਨੂੰ ''ਮੁਕਤੀ ਦਾ ਕਾਰਣ'' ਬਣਿਆ ਜਾ ਸਕਦਾ ਹੈ।[35]

## ਸੰਖੇਪ ਵਿਚ

ਸੰਖੇਪ ਵਿਚ ਅਧਿਆਇ 2 ਤੋਂ ਲੈ ਕੇ ਇੱਥੋਂ ਤਕ ਜੋ ਪੌਲੁਸ ਨੇ ਸਾਡੇ ਲਈ ਸਾਂਝਾ ਕੀਤਾ ਹੈ ਉਹ ਇਸ ਤਰ੍ਹਾਂ ਹੈ:

ਖ਼ੁਦਾ ਨੇ ਜੋ ਚਾਹੁੰਦਾ ਹੈ ਕਿ ਸਭ ਲੋਕ ਬਚਾਏ ਜਾਣ ਅਤੇ ਸਚਿਆਈ ਦੇ ਗਿਆਨ ਤਕ ਪਹੁੰਚਣ (2:4), ਇਸ ਨੂੰ ਸੰਭਵ ਬਣਾਉਣ ਲਈ ਆਪਣੀ ਯੋਜਨਾ ਦੱਸੀ। ਤਿਮੋਥਿਉਸ ਨੂੰ ਦਿੱਤੀਆਂ ਗਈਆਂ ਪੌਲੁਸ ਦੀਆਂ ਹਦਾਇਤਾਂ ਨੂੰ ਮਰਦਾਂ ਅਤੇ ਔਰਤਾਂ ਨਾਲ ਕਿਵੇਂ ਸਲੂਕ ਕਰਨਾ ਚਾਹੀਦਾ ਹੈ, ਮੰਨ ਕੇ ਅਗਵਾਈ ਲਈ ਤਿਆਰ ਹੋਣ ਵਾਲੇ (3:1-15) ਭਗਤ ਲੋਕ (2:1-5) ਇਸ ਨੂੰ ਪਾ ਲੈਂਦੇ ਹਨ।

ਇਹ ਲੋਕ ਖ਼ੁਦਾ ਦੀਆਂ ਹਦਾਇਤਾਂ ਦੇ ਉਨ੍ਹਾਂ ਤਕ ਪਹੁੰਚਣ ਅਤੇ ਰਸੂਲਾਂ ਵੱਲੋਂ ਦਿੱਤੇ ਗਏ ਨਮੂਨਿਆਂ ਕਰਕੇ (4:6-11) ਦੂਜਿਆਂ ਨੂੰ ਗੁਮਰਾਹ ਕਰਨ ਦੀਆਂ ਸ਼ੈਤਾਨੀ ਕੋਸ਼ਿਸ਼ਾਂ ਨੂੰ ਰੋਕਣ ਦੇ ਵੀ ਕਾਬਲ ਹਨ (4:1-5)।

ਇਕ ਅਹਿਮ ਢੰਗ ਉਹ ਇਵੈਂਜਲਿਸਟ ਹੋਣਗੇ ਜਿਨ੍ਹਾਂ ਦਾ ਚਰਿੱਤਰ, ਚਾਲ ਚਲਨ, ਚਿੰਤਾ ਅਤੇ ਚੁਣਿਆ ਜਾਣਾ ਉਸ ਆਤਮਾ ਵਿਚ ਖ਼ੁਦਾ ਦੇ ਵਚਨ ਨਾਲ ਮੇਲ ਖਾਵੇਗਾ, ਜਿਸ ਨਾਲ ਬੋਲਣ ਵਾਲੇ ਅਤੇ ਪਾਪੀ ਦੋਹਾਂ ਦਾ ਹੀ ਬਚਾ ਪੱਕਾ ਹੋਵੇਗਾ (4:12-16)।

ਇੰਜੀਲ ਨੂੰ ਫੈਲਾਉਣ ਲਈ ਖ਼ੁਦਾ ਦੀ ਯੋਜਨਾ ਪਹਿਲੀ ਸਦੀ ਵਿਚ ਰੰਗ ਲਿਆਈ (ਕੁਲੁੱਸੀਆਂ 1:23; ਰਸੂਲਾਂ ਦੇ ਕੰਮ 19:10; 20:18-32), ਅਤੇ ਇਹ ਉਸੇ ਸਮਰਥਾ ਨਾਲ *ਕਿਤੇ ਇਹ ਵੀ ਸੰਦੇਸ਼* ਜਿੱਥੇ ਵੀ ਖ਼ੁਦਾ ਦੇ ਸੇਵਕ ਇਨ੍ਹਾਂ ਮਹਾਨ ਅਤੇ ਜਲਾਲੀ ਨਿਯਮਾਂ ਨੂੰ ਲਾਗੂ ਕਰਣਗੇ, ਕੰਮ ਕਰੇਗਾ।

---

ਟਿੱਪਣੀਆਂ

[1]''ਫਿਰ ਜਾਣਗੇ'' (ਯੂ.: *apostasontai*)-ਭਵਿੱਖ, ਸੰਕੇਤਕ ਅਤੇ ਮੱਧਵਰਤੀ ਹੈ। ਮੱਧਵਰਤੀ ਸੁਰ ਸੰਕੇਤ ਦਿੰਦਾ ਹੈ ਕਿ ਉਨ੍ਹਾਂ ਨੇ ਅਜਿਹਾ ਆਪਣੇ ਨਾਲ ਕੀਤਾ। ਇਹ ਫਿਰ ਜਾਣਾ ਕੈਲਵਿਨਵਾਦੀ ਵਿਚਾਰਧਾਰਾ ਦੀ ਕਿਸੇ ਵੀ ਗੱਲ ਦਾ ਵਿਰੋਧ ਹੈ ਕਿ ਇਸ ਗੱਲ ਵਿਚ ਉਨ੍ਹਾਂ ਦੀ ਕੋਈ ਆਪਣੀ ਇੱਛਾ ਨਹੀਂ ਸੀ। ਹਰ ਕਿਸੇ ਦੀ ਆਪਣੀ ਇੱਛਾ ਹੁੰਦੀ ਹੈ ਪਰ ਦੁੱਖ ਦੀ ਗੱਲ ਹੈ ਕਿ ਕੁਝ ਲੋਕ ਇਸਦੀ ਵਰਤੋਂ ਵਿਸ਼ਵਾਸ ਤੋਂ ਫਿਰ ਜਾਣ ਲਈ ਕਰਦੇ ਹਨ! [2]''ਫਿਰ ਜਾਣਾ'' ਲਈ (ਯੂ.: *aphistemi*) ਹੈ ਜਿਸ ਦਾ ਅਰਥ ਹੈ ''ਦੂਰ ਕਰਨਾ, ਭਟਕਣ ਦਾ ਕਾਰਣ ਬਣਨਾ, ਦੂਰ ਜਾਣਾ ... ਵਿਸ਼ਵਾਸ ਰਹਿਤ ਹੋਣਾ। ...'' (ਸੀ. ਜੀ. ਵਿਲਕੇ ਐਂਡ ਵਿਲਿਬਲਡ ਗਰਿਮ, *ਏ ਗ੍ਰੀਕ-ਇੰਗਲਿਸ਼ ਲੈਕਸਿਕਨ ਆਫ਼ ਦ ਨਿਊ ਟੈਸਟਾਮੈਂਟ,* ਅਨੁਵਾਦ ਅਤੇ ਸੋਧ ਜੋਜ਼ਫ਼ ਐੱਚ. ਥੇਅਰ *[*ਐਡਿਨਬਰਗ, ਸਕਾਟਲੈਂਡ: ਟੀ. ਐਂਡ ਟੀ. ਕਲਾਰਕ, 1901; ਰੀਪ੍ਰਿੰਟ ਐਡੀਸ਼ਨ, ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁੱਕ ਹਾਊਸ, 1977*]*, 89)। [3]ਭਰਮਾਉਣ ਵਾਲਾ (ਯੂ.: *planos*)-''... ਭਟਕਣਾ, ਬਿਨਾਂ ਮਕਸੱਦ ਘੁੰਮੀ ਜਾਣਾ, ਗੁਮਰਾਹ ਕਰਨਾ, ਗਲਤੀ ਕਰਵਾਉਣਾ, ... ਘੁਮੱਕੜ, ਦਰ ਦਰ ਫਿਰਨਾ, ਕਪੱਟੀ, ... ਦੂਸ਼ਤ ਕਰਨ ਵਾਲਾ, ਧੋਖੇਬਾਜ਼'' (ਥੇਅਰ, 515)। [4]ਭੂਤ (ਯੂ.: *daimonion*)-''ਸ਼ੈਤਾਨ, ਬਦਰੂਹ, ... ਇੰਨਾਂ ਰੂਹਾਂ ਨੂੰ ਸਵਰਗ ਤੋਂ ਸੁੱਟੇ ਗਏ

ਫਰਿਸ਼ਤੇ ਵਿਖਾਇਆ ਗਿਆ ਹੈ, 2 ਪਤਰਸ 2:4; ਯਹੂਦਾ 6; ਅਤੇ ਉਹ ਸ਼ੈਤਾਨ ਦੇ ਵੱਸ ਵਿਚ ਹਨ ਅਤੇ ਸ਼ੈਤਾਨ ਉਨ੍ਹਾਂ ਦਾ ਰਾਜਕੁਮਾਰ ਹੈ। ... ਉਨ੍ਹਾਂ ਨੂੰ ਮੋਅਜਜ਼ੇ ਕਰਨ ਦੀ ਸ਼ਕਤੀ ਲਈ ਕਬਜ਼ੇ ਵਿਚ ਕੀਤਾ ਗਿਆ ਹੈ, ਪਰ ਭਲਿਆਈ ਲਈ ਨਹੀਂ ... ਮੂਰਛਿਤ ਕਰਨ ਵਾਲਾ ਪਾਗਲਪਣ, ਮੱਤੀ 8:28; ਮਰਕੁਸ 5:2; ... ਲੂਕਾ 8:27'' (ਐਡਵਰਡ ਰੋਬਿਨਸਨ, *ਏ ਗ੍ਰੀਕ ਐਂਡ ਇੰਗਲਿਸ਼ ਲੈਕਸਿਕਨ ਆਫ਼ ਦ ਨਿਊ ਟੈਸਟਾਮੈਂਟ [*ਨਿਊ ਯਾਰਕ: ਹਾਰਪਰ ਐਂਡ ਬ੍ਰਦਰਜ਼, 1863*]*, 155-56)। [5]ਭੋਜਨ (ਯੂ.: ***broma***)-''... ਖਾਣ ਵਾਲੀਆਂ ਚੀਜ਼ਾਂ, ਭੋਜਨ, ਭਾਵ ਠੋਸ ਖਾਣਾ *[*ਦੁੱਧ ਵਰਗਾ ਨਹੀਂ*]*, 1 ਕੁਰਿੰਥੀਆਂ 3:2 ... ਮੂਸਾ ਦੀ ਸ਼ਰ੍ਹਾ ਰਾਹੀਂ ਖਾਣ ਲਈ ਮਨ੍ਹਾਂ ਕੀਤੇ ਗਏ ਮਾਸ, ਇਬਰਾਨੀਆਂ 9:10; 13:9. ਉਹ ਮਾਸ ਦੀ ਜਿਨ੍ਹਾਂ ਦੇ ਖਾਣ ਤੋਂ ਯਹੂਦੀ ਲੋਕ ਪਰਹੇਜ਼ ਕਰਦੇ ਸਨ, ਰੋਮੀਆਂ 14:15 ... 20; 1 ਕੁਰਿੰਥੀਆਂ 8:13'' (ਰੋਬਿਨਸਨ, 133)। [6]ਵਿਲੀਅਮ ਬਾਰਕਲੇ, *ਦ ਲੈਟਰਸ ਟੂ ਤਿਮੋਥੀ, ਟਾਈਟਸ ਐਂਡ ਫਿਲੇਮਨ,* ਦ ਡੇਲੀ ਸਟਡੀ ਬਾਈਬਲ ਸੀਰੀਜ਼, ਸੋਧਿਆ ਅੰਕ (ਫ਼ਿਲਾਡੈਲਫ਼ੀਆ: ਵੈਸਟਮਿੰਸਟਰ ਪ੍ਰੈਸ, 1960), 108-9. [7]ਉਹੀ, 108. [8]ਰੱਖਣਾ (ਯੂ.: ***hupotithemi***)-''ਦੇ ਹੇਠ ਠਹਿਰਾਉਣਾ ਜਾਂ ਰੱਖਣਾ, ਹੇਠਾਂ ਲੇਟਣਾ ... ਹਮਾਇਤ ਕਰਨਾ ... ਗੱਲ ਦੇ ਹੇਠ ਆਪਣੀ ਗਰਦਣ ਰੱਖਣਾ ... ਆਪਣੀ ਜਾਨ ਜੋਖ਼ਿਮ ਵਿਚ ਪਾਉਣਾ ... ਕਿਸੇ ਦੇ ਵੀ ਮਨ ਵਿਚ ਲਿਆਉਣਾ, ਸੁਝਾਅ ਦੇਣਾ, ਮਾਸਟਰ ਵਾਂਗ ਦਿਮਾਗ਼ ਵਿਚ ਪਾਉਣਾ'' (ਰੋਬਿਨਸਨ, 752)। [9]ਰੱਸਲ ਬਰੈਡਲੀ ਜੋਨਸ, *ਦ ਐਪਿਸਟਲ ਟੂ ਤਿਮੋਥੀ* (ਗ੍ਰੈਂਡ ਰੈਪਿਡਸ, ਮਿਸਿਗਨ: ਬੇਕਰ ਬੁੱਕ ਹਾਊਸ, 1960), 34-35. [10]ਵਿਲੀਅਮ ਹੈਂਡਰਿਕਸਨ, *ਏ ਕਾਮੈਂਟਰੀ ਆਨ 1 ਐਂਡ 2 ਤਿਮੋਥੀ ਐਂਡ ਟਾਈਟਸ* (ਲੰਡਨ: ਦ ਬੈਨਰ ਆਫ਼ ਟਰੁੱਥ ਟਰੱਸਟ, 1964), 149.

[11]ਪਾਲਣ ਪੋਸ਼ਣ (ਯੂ.: ***entrepho***)-''ਸਿੱਖਿਅਤ ਕਰਨਾ; ਮਨ ਬਣਾਉਣਾ'' (ਥੇਅਰ, 219)। [12]ਮੰਨਣਾ (ਯੂ.: ***parakoloutheo,*** ਕਾਮਲ ਜਾਂ ਸਿੱਧ, ਸੰਕੇਤਕ, ***parakolutheo*** ਦਾ ਮੱਧਮਪੁਰਖ ਇਕਵਚਨ)-''ਪਿੱਛੇ ਪਿੱਛੇ ਚੱਲਣਾ, ਸਾਥ ਦੇਣਾ ... ਕੋਈ ਜਿੱਥੇ ਵੀ ਜਾਵੇ ਉੱਥੇ ਉਸਦੇ ਨਾਲ ਹੋਣਾ ... ਸਮਝਣਾ ... ਰਾਹ ਤੇ ਚੱਲਣਾ, ਚੰਗੀ ਤਰ੍ਹਾਂ ਜ਼ਾਚਣਾ, ਖੋਜ਼ ਕਰਨਾ ... ਖੁਦ ਨੂੰ ਮਿਲਾਉਣਾ'' (ਥੇਅਰ, 484)। [13]ਅਸ਼ੁੱਧ (ਯੂ.: ***bebelos***)-''ਸਧਾਰਣ, ਅਪਵਿੱਤਰ ਸਥਾਨ'' (ਰੋਬਿਨਸਨ, 125)। [14]ਕਹਾਣੀ (ਯੂ.: ***muthos***)-''ਮਿਥਿਆ, ਪੁਰਾਣਕ ਕਥਾ, ਦੰਦ ਕਥਾ। ਵੇਖੋ 1 ਤਿਮੋਥਿਉਸ 1:4; 2 ਤਿਮੋਥਿਉਸ 4:4; ਤੀਤੁਸ 1:14'' (ਰੋਬਿਨਸਨ, 462)। [15]ਵਿਲੀਅਮ ਹੈਂਡਰਿਕਸਨ, *ਏ ਕਾਮੈਂਟਰੀ ਆਨ 1 ਐਂਡ 2 ਤਿਮੋਥੀ ਐਂਡ ਟਾਈਟਸ* (ਲੰਡਨ: ਦ ਬੈਨਰ ਆਫ਼ ਟਰੁੱਥ ਟਰਸਟ, 1964), 150. [16]ਇਕ ਜਵਾਨ ਇਵੈਂਲਿਸਟ ਨੂੰ ਘੱਟੋ ਘੱਟ ਤਿੰਨ ਤਰ੍ਹਾਂ ਦੀਆਂ ਬੁੱਢੀਆਂ ਔਰਤਾਂ ਤੋਂ ਨੁਕਸਾਨ ਹੋ ਸਕਦਾ ਹੈ: (1) ਇਹ ਸੋਚ ਕੇ ਕਿ ਉਹ ਬੁੱਢੀਆਂ ਅਤੇ ਸਿਆਣੀਆਂ ਹਰ ਘਰ ਹੋਣ ਇਸ ਦੇ ਉਲਟ ਉਹ ਉਨ੍ਹਾਂ ਦੀ ਰਵਾਇਤ ਨੂੰ ਇਵੇਂ ਮੰਨ ਸਕਦਾ ਹੈ ਜਿਵੇਂ ਉਹ ਖ਼ੁਦਾ ਦਾ ਵਚਨ ਹੀ ਹੋਵੇ। ਇਕ ਬੁੱਢੀ ਭੈਣ ਨੇ ਇਕ ਜਵਾਨ ਇਵੈਂਜਲਿਸਟ ਨੂੰ ''ਆਖ਼ਰੀ ਦੁਆ'' ਦੀ ਥਾਂ ਬੰਦਗੀ ਨੂੰ ਗੀਤ ਨਾਲ ਖ਼ਤਮ ਕਰਨ ਲਈ ਦਬਾਅ ਪਾਇਆ। (2) ਉਹ ਉਨ੍ਹਾਂ ਵੱਲੋਂ ਕੀਤੀ ਆਪਣੀ ਤਾਰੀਫ਼ ਤੇ ਖੁਸ਼ ਹੋ ਸਕਦਾ ਹੈ (''ਤੁਸੀਂ ਛੋਟੀ ਜਿਹੀ ਉਮਰ ਵਿਚ ਕਿੰਨੇ ਵੱਡੇ ਸੇਵਕ ਬਣ ਗਏ ਹੋ!'') ਜੇ ਉਹ ਇਹ ਧਿਆਨ ਨਾ ਰੱਖੇ ਕਿ ਉਸ ਨੇ ਇੰਜੀਲ ਸੁਣਾਉਣ ਦਾ ਕੰਮ ਬੇਹਤਰ ਢੰਗ ਨਾਲ ਕੀਤਾ ਹੈ। ਮਾਪਦੰਡ ਦੇ ਰੂਪ ਵਿਚ ਪ੍ਰਚਾਰਕ ਨੂੰ ਯਿਸੂ ਨੂੰ ਅਣਗੌਲਿਆ ਨਹੀਂ ਕਰਨਾ ਚਾਹੀਦਾ, ਕਿਉਂਕਿ ਮਾਪਣ ਵਾਲੀ ਅਸਲੀ ਰੂਹਾਨੀ ਛੜ ਤਾਂ ਉਹੀ ਹੈ (2 ਕੁਰਿੰਥੀਆਂ 13:5)। (3) ਹੋ ਸਕਦਾ ਹੈ ਕਿ ਉਹ ਜ਼ਰੂਰੀ ਕੰਮ ਨੂੰ ਵਿੱਚੇ ਛੱਡ ਕੇ ਗੁਜ਼ਰੇ ਦਿਨਾਂ ਦੀਆਂ ਗੱਲਾਂ ਸੁਣਨਾ ਪਸੰਦ ਕਰਨ ਵਾਲੀਆਂ ਬੁੱਢੀਆਂ ਔਰਤਾਂ ਨਾਲ ਵਕਤ ਕੱਟਦਾ ਹੋਵੇ। ਜਿਹੜਾ ਪ੍ਰਚਾਰਕ ਵਿਧਵਾਵਾਂ ਕੋਲ ਬੈਠ ਕੇ ਉਨ੍ਹਾਂ ਦੀਆ ਗੱਲਾਂ ਤੇ ਧਿਆਨ ਦਿੰਦਾ ਹੈ ਉਨ੍ਹਾਂ ਦੀ ਨਜ਼ਰ ਵਿਚ ਉਹ ਬਹੁਤ ਵੱਡਾ ਹੋਵੇਗਾ, ਪਰ ਉਮਰ ਨੇ ਉਸ ਨੂੰ ਮੱਠਾ ਬਣਾ ਦਿੱਤਾ ਹੈ ਜਦਕਿ *ਪ੍ਰਚਾਰਕ ਨੂੰ ਅਜਿਹਾ ਨਹੀਂ ਹੋਣਾ ਚਾਹੀਦਾ*! ਇਵੈਂਜਲਿਸਟ ਲਈ ਅਜਿਹਾ ਸੰਤੁਲਨ ਲੱਭਣਾ ਚਾਹੀਦਾ ਹੈ ਜਿਸ ਨਾਲ ਨਾ ਤਾਂ ਬਜ਼ੁਰਗਾਂ ਦੀ ਅਣਦੇਖੀ ਹੋਵੇ (1 ਤਿਮੋਥੀਉਸ 5:1, 2) ਅਤੇ ਨਾ ਹੀ ਅਧਿਐਨ ਅਤੇ ਸੇਵਾ ਕਰਨ ਦੇ ਉਸ ਦੇ ਕੰਮ ਵਿਚ ਕੋਈ ਰੁਕਾਵਟ ਪਵੇ। [17]ਕਸਰਤ (ਯੂ.: ***gumnazo***)-''ਸਰੀਰ ਜਾਂ ਮਨ ਦਾ ਸੱਚਮੁੱਚ ਵਿਚ ਭਗਤੀ ਭਰੀ ਜ਼ਿੰਦਗੀ ਕੱਟਣ ਦੇ ਚਾਹਵਾਨ ਆਦਮੀ ਦਾ ਮੁਸ਼ਕਿਲ ਅਭਿਆਸ'' (ਥੇਅਰ, 122)। [18]ਮਿਹਨਤ (ਯੂ.: ***kopiao***)-''ਖ਼ੁਦਾ ਅਤੇ ਮਸੀਹ ਦੇ ਰਾਜ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਸਿੱਖਿਆ ਦੀਆਂ ਅਣਥਕ ਕੋਸ਼ਿਸ਼ਾਂ ਵਿਚ *[*ਮਿਹਨਤ, ਬੋਝ ਜਾਂ ਦੁੱਖ ਨਾਲ*]* ਚੂਰ ਹੋਣਾ (ਥੇਅਰ, 355)। [19]ਜਤਨ (ਯੂ.: ***agonizomai***)-''ਜਿਮਨਾਸਟਿਕ ਦੀਆਂ ਖੇਡਾਂ ਵਿਚ ਮੁਕਾਬਲਾ ਕਰਨਾ, ਇੰਜੀਲ ਦੇ ਖਿਲਾਫ਼ ਔਕੜਾਂ ਅਤੇ ਮੁਸੀਬਤਾਂ ਦਾ ਸਾਹਮਣਾ ਕਰਨਾ। ... ਪੂਰੀ ਤਾਕਤ ਨਾਲ ਕੋਸ਼ਿਸ਼ ਕਰਨਾ, ਕੁਝ ਪਾਉਣ ਦੀ ਕੋਸ਼ਿਸ਼ ਕਰਨਾ'' (ਥੇਅਰ, 10)। [20]ਇਸ ਦਾ ਮਤਬਲ ਇਹ ਨਹੀਂ ਹੈ ਕਿ ਖ਼ੁਦਾ ਉਨ੍ਹਾਂ ਲੋਕਾਂ ਨੂੰ ਬਚਾ ਲਵੇਗਾ ਜਿਹੜੇ ਵਿਸ਼ਵਾਸ ਨਹੀਂ ਰੱਖਦੇ (ਵੇਖੋ ਇਬਰਾਨੀਆਂ 11:6)। ਪੌਲੁਸ ਦੇ ''ਖਾਸ ਕਰਕੇ ਨਿਹਚਾਵਾਨਾ

ਕਹਿਣ ਦੇ ਨਿਰਾਲੇ ਢੰਗ ਦੀਆ ਤਿੰਨ ਵਿਆਖਿਆਵਾਂ ਮਿਲਦੀਆਂ ਹਨ। ਪਹਿਲੀ, ਸ਼ਾਇਦ ਪਤਰਸ ਇਸ ਤੱਕ ਵੱਲ ਧਿਆਨ ਦੁਆ ਰਿਹਾ ਸੀ ਕਿ ਕੁਝ ਲੋਕਾਂ ਨੇ ਅਜੇ ਵਿਸ਼ਵਾਸ ਨਹੀਂ ਸੀ ਕੀਤਾ ਕਿ ਉਹ ਵਿਸ਼ਵਾਸ ਕਰ ਲੈਣਗੇ (ਵੇਖੋ ਯੂਹੰਨਾ 9:35, 36; ਤੁਲਨਾ ਲੂਕਾ 23:34 ਦੇ ਨਾਲ ਰਸੂਲਾਂ ਦੇ ਕੰਮ 2:36-41 ਕਰੋ)। ਦੂਜੀ ਹੈਂਡਰਿਕਸਨ ਦੇ ਇਕ ਵਿਆਖਿਆ ਦਿੱਤੀ ਜਿਹੜੀ ਵਿਚਾਰ ਕਰਨ ਯੋਗ ਹੈ। ਉਸ ਨੇ ਕਿਹਾ ਕਿ ਮੁਕਤੀ ਦਾਤਾ (ਯੂ.: *soter*) ਦੇ ਰੂਪ ਵਿਚ ਖ਼ੁਦਾ ਨੇ ਸੱਚਮੁੱਚ ਲੋਕਾਂ ਨੂੰ ਕਈ ਤਰ੍ਹਾਂ ਨਾਲ (ਪਾਪ ਤੋਂ ਇਲਾਵ) ਛੁਡਾਇਆ ਜਾਂ ਉਨ੍ਹਾਂ ਦਾ ਬਚਾਅ ਕੀਤਾ ਹੈ। ਉਸ ਨੇ ਇਸਰਾਏਲ ਨੂੰ ਗੁਲਾਮੀ ਚੋਂ ਛੁਡਾਇਆ, ਪਰ ਗੁਲਾਮੀ 'ਚੋਂ ਛੁਡਾਏ ਜਾਣ ਵਾਲੇ ਸਭ ਲੋਕ ਵਾਇਦੇ ਦੀ ਧਰਤੀ ਤੇ ਨਹੀਂ ਜਾ ਸਕਦੇ ਸਨ (1 ਕੁਰਿੰਥੀਆਂ 10:5; ਇਬਰਾਨੀਆਂ 3:7-4:8)। ਕੁਝ ਲੋਕ ਆਪਣੇ ਬੇਵਿਸ਼ਵਾਸੇ ਹੋਣ ਕਰਕੇ ਉਸ ਵਿਚ ਵੜ ਨਹੀਂ ਸਕੇ। ਸੋ ਪਾਪ ਤੋਂ ਬਚਾ ਤਾਂ ਹੋ ਸਕਦਾ ਹੈ (ਮਰਕੁਸ 16:15, 16; ਰਸੁਲਾਂ ਦੇ ਕੰਮ 2:38-47), ਪਰ ਬਾਅਦ ਵਿਚ ਵਿਸ਼ਵਾਸ ਤੋਂ ਇਸ ਤਰ੍ਹਾਂ ਡਿੱਗਣਾ ਮੁਮਕਿਨ ਹੈ ਕਿ ਅਖ਼ੀਰ ਦੇ ਦਿਨ ਇਹ ਪਤਾ ਲੱਗੇ ਕਿ ਉਹ ਮੁਕਤੀ ਲਈ ਤਿਆਰ ਹੀ ਨਹੀਂ ਸੀ (ਵੇਖੋ ਇਬਰਾਨੀਆਂ 6:4-6; 10:23-31)। ਵਿਸ਼ਵਾਸ ਨੂੰ ਬਣਾਈ ਰੱਖਣਾ ਜ਼ਰੂਰੀ ਹੈ। ਕਿਉਂਕਿ ਇਸੇ ਨਾਲ ਸੰਸਾਰ ਉੱਤੇ ਫ਼ਤਹਿ ਮਿਲਦੀ ਹੈ (1 ਯੂਹੰਨਾ 5:4; ਪ੍ਰਕਾਸ਼ ਦੀ ਪੋਥੀ 2:10)। ਇਸ ਵਿਚਾਰ ਦਾ ਜ਼ੋਰ ਕਈ ਤਰ੍ਹਾਂ ਨਾਲ ਬਚਾਉਣ ਦੀ ਖ਼ੁਦਾ ਦੀ ਕਾਬਲੀਅਤ ਤੇ ਹੈ, ਪਰ ਉਸ ਦਾ ਸਭ ਤੋਂ ਮੁੱਖ ਕੰਮ ਵਿਸ਼ਵਾਸ ਕਰਨ ਵਾਲਿਆਂ ਨੂੰ ਹਮੇਸ਼ਾ ਲਈ ਬਚਾਉਣਾ ਹੋਵੇਗਾ(ਵੇਖੋ ਇਬਰਾਨੀਆਂ 7:25; 5:8, 9)। ਤੀਜੀ, ਯੂਨਾਨੀ ਵਾਕਅੰਸ਼ ਤੇ ਧਿਆਨ ਦਿਓ। ਪੰਜਾਬੀ ਜਾਂ ਅੰਗ੍ਰੇਜ਼ੀ ਅਨੁਵਾਦ ਨਾਲ ਸ਼ਾਇਦ ਅਸੀਂ ਉਲਝਣ ਵਿਚ ਪੈ ਜਾਈਏ। ਅਰੰਡਟ ਅਤੇ ਗਿੰਗਰਿਕ ਨੇ ਇਸ ਸ਼ਬਦ ਦਾ ਅਰਥ ''ਖ਼ਾਸ ਕਰਕੇ'' (ਯੂ.: *malista*) ਦੱਸਿਆ ਹੈ ਜਿਵੇਂ ਕੀ ਕਈ ਵਾਰ ''ਕਿਸੇ ਸਵਾਲ ਦੇ ਜਵਾਬ ਵਿਚ'' ਜੋੜ ਕੇ ''ਖ਼ਾਸ ਕਰਕੇ, 'ਯਕੀਨੀ ਤੌਰ ਤੇ ਜਾਂ' ਬੇਸ਼ਕ ਕਿਹਾ ਜਾਂਦਾ ਹੈ।'' (ਵਾਲਟਰ ਬਾਊਰ, *ਏ ਗ੍ਰੀਕ–ਇੰਗਲਿਸ਼ ਲੈਕਸਿਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸ਼ਚਿਅਨ ਲਿਟਰੇਚਰ,* ਜ਼ਿਲਦ ਦੂਜੀ, ਸੋਧ ਵਿਲਿਅਮ ਐਫ਼ ਅਰਡੰਟ ਐਂਡ ਐੱਫ਼ ਵਿਲਿਬਰ ਗਿੰਗਰਿਕ *[*ਸ਼ਿਕਾਗੋ: ਯੂਨਿਵਰਸਟੀ ਆਫ਼ ਸਿਕਾਗੋ ਪ੍ਰੈੱਸ, 1957*]*, 490)। ਕੁਝ ਆਇਤਾਂ ਇੱਥੇ ਢੁਕਵੀਆਂ ਹਨ ਜਿਵੇਂ ਰਸੂਲਾਂ ਦੇ ਕੰਮ 26:3; 20:38; 1 ਤਿਮੋਥਿਉਸ 5:17; ਫ਼ਿਲੇਮੋਨ 16. ਜੇ ਅਸੀਂ ਇਸ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੰਦੇ ਹਾਂ ਤਾਂ ਯੂਨਾਨੀ ਵਾਕਅੰਸ਼ (*malista piston*) ਦਾ ਅਰਥ ਹੈ ਕਿ ਖ਼ੁਦਾ ਦਾ ''ਯਕੀਨੀ ਤੌਰ ਤੇ ਵਿਸ਼ਵਾਸੀਆਂ ਦਾ'' ਜਾਂ ''ਬੇਸ਼ੱਕ ਵਿਸ਼ਵਾਸੀਆਂ ਦਾ'' ਜਾਂ ''ਖ਼ਾਸ ਤੌਰ ਤੇ ਵਿਸ਼ਵਾਸੀਆਂ ਦਾ'' ਜਾਂ (ਉਚੇਚੇ ਤੌਰ ਤੇ ਮੇਰੇ ਕਹਿਣ ਤੋਂ ਭਾਵ ਵਿਸ਼ਵਾਸੀਆਂ ਦਾ ਹੈ) ਲੋਕਾਂ ਦਾ ਬਚਾਅ ਕਰਨਾ ਹੋਵੇਗਾ। ਸਭ ਲੋਕਾਂ ਵਿੱਚੋਂ ਇਹੋ ਹੀ ਬਚਾਏ ਜਾਣਗੇ। ਅਜਿਹਾ ਯਕੀਨ ਬਾਈਬਲ ਦੇ ਤੱਥਾਂ ਨਾਲ ਮੇਲ ਖਾਂਦਾ ਹੈ। ਇਨ੍ਹਾਂ ਤਿੰਨਾਂ ਵਿਚਾਰਾਂ ਵਿੱਚੋਂ ਕਿਤੇ ਵੀ ਇਹ ਨਿਚੋੜ ਨਹੀਂ ਕੱਢਿਆ ਜਾ ਸਕਦਾ ਕਿ ਅਨਾਦੀ ਕਾਲ ਵਿਚ ਖ਼ੁਦਾ ਉਨ੍ਹਾਂ ਲੋਕਾਂ ਨੂੰ ਬਚਾ ਸਕਦਾ ਹੈ ਜਿਨ੍ਹਾਂ ਵਿਸ਼ਵਾਸ ਨਹੀਂ ਕੀਤਾ। ਅਜਿਹਾ ਵਿਚਾਰ ਇਬਰਾਨੀਆਂ 11:6, 5:8, 9 ਜਾਂ ਯੂਹੰਨਾ 8:24 ਦੇ ਉਲਟ ਹੈ।

[21]ਤੁੱਛ (ਯੂ.: *kataphroneito, kataphroneo* ਦਾ ਵਰਤਮਾਨ, ਆਦੇਸ਼ਸੂਚਕ)-''ਘਟੀਆ ਸਮਝਣਾ, ਤੁੱਛ ਜਾਣਨਾ, ਮਜ਼ਾਕ ਕਰਨਾ, ਜ਼ਲਾਲਤ ਭਰਿਆ ਸਲੂਕ ਕਰਨਾ ... ਨਿਕੰਮਾ ਸਮਝਣਾ, ਗ਼ਲਤ ਸੋਚ ਰੱਖਣਾ ...'' (ਅਰੰਡਟ ਐਂਡ ਗਿੰਗਰਿਕ, 421)। [22]ਇਹ ਜੋੜਦਿਆਂ ਕਿ ਇਰੇਨਿਯੁਸ ਨੇ ਜ਼ਿੰਦਗੀ ਦਾ ਪਹਿਲਾ ਚਰਣ (ਜਵਾਨੀ) 30 ਤੋਂ 40 ਸਾਲ ਮੰਨਿਆ, ਹੈਂਡਰਿਕਸਨ ਨੇ ਅੰਦਾਜ਼ਾ ਲਾਇਆ ਕਿ ਤਿਮੋਥਿਉਸ 34 ਤੋਂ 39 ਸਾਲਾਂ ਦੇ ਦਰਮਿਆਨ ਹੋਵੇਗਾ (ਹੈਂਡਰਿਕਸਨ, 157; ਇਰੇਨਿਯੁਸ *ਅਗੇਂਸਟ ਹੇਰਸਿਸ* 2:22)। [23]''ਆਦਰਸ਼'' ਲਈ ਯੂਨਾਨੀ ਸ਼ਬਦ *tupos*, '' ... ਨਜ਼ਰ ਆਉਣ ਵਾਲਾ ਅਸਰ ... ਨਿਸ਼ਾਨ, ... ਨਕਲ, ਸ਼ਕਲ, ਰੂਪ, ... ਸਿਖਾਉਣ ਦਾ ਢੰਗ ... ਨੈਤਿਕ ਜੀਵਨ, ਆਦਰਸ਼, ਨਮੂਨੇ ਵਿਚ ਮਿਸਾਲ ...'' *[*ਅਰੰਡਟ ਐਂਡ ਗਿੰਗਰਿਕ, 837-38*]*)। ਕੁਝ ਲੋਕਾਂ ਲਈ ਜਵਾਨ ਇਵੈਂਜਲਿਸਟ ਇਨ੍ਹਾਂ ਵਿੱਚੋਂ ਕਈ ਕੁਝ ਹੋਵੇਗਾ। ਐਨੇ ਲੋਕਾਂ ਲਈ ਐਨਾ ਅਹਿਮ ਹੋਣਾ ਇਕ ਗੰਭੀਰ ਚੁਣੌਤੀ ਹੈ। [24]ਚਾਲ-ਚਲਣ (ਯੂ.: *anastrophe*)-''ਸਾਨੂੰ ਆਪਣੇ ਸਾਰੇ ਚਾਲ-ਚਲਣ ਵਿਚ ਪਵਿੱਤਰ ਹੋਣਾ ਚਾਹੀਦਾ ਹੈ, 1 ਪਤਰਸ 1:15'' (ਅਰੰਡਟ ਐਂਡ ਗਿੰਗਰਿਕ, 61)। [25]ਪ੍ਰੇਮ (ਯੂ.: *agape*)-''ਲਗਾਅ, ਸ਼ੁੱਭ ਇੱਛਾ ... ਪਰਉਪਕਾਰ ... ਖ਼ੁਦਾ ਪ੍ਰਤੀ ਲੋਕਾਂ ਦਾ ਪਿਆਰ ... ਲੋਕਾਂ ਪ੍ਰਤੀ ਖ਼ੁਦਾ ਦਾ ਪਿਆਰ ... ਮਸੀਹ ਲਈ ਖ਼ੁਦਾ ਦਾ ਪਿਆਰ ... ਲੋਕਾਂ ਲਈ ਮਸੀਹ ਦਾ ਪਿਆਰ ...'' (ਥੇਅਰ, 4)। [26]ਪਵਿੱਤਰਤਾਈ (ਯੂ.: *hagneia*)-''ਪਾਪ ਰਹਿਤ ਜ਼ਿੰਦਗੀ'' *[*ਥੇਅਰ, 7*]*; ਸ਼ੁੱਧ ਮਨ ... ਸਾਦਗੀ ... ਪੂਰੀ ਸ਼ੁੱਧਤਾ ਨਾਲ ... ਜਵਾਨ ਦੇ ਪਹਿਲੇ ਫ਼ਲ ਦੇ ਰੂਪ ਵਿਚ ... ਪਵਿੱਤਰ ਬਣਨ ਦੀ ਇੱਛਾ ਕਰਦੇ ਰਹਿਣਾ'' *[*ਅਰੰਡਟ ਐਂਡ ਗਿੰਗਰਿਕ, 10*]*। [27]ਪੜ੍ਹਨਾ (ਯੂ.: *anaginosko*)-''... ਚੰਗੀ ਤਰ੍ਹਾਂ, ਸੰਖੇਪ ਵਿਚ ਜਾਣਨਾ ... ਫੇਰ

ਜਾਣਨਾ, ਪਛਾਣਨਾ … ਜਾਣਨਾ ਅਤੇ ਚੰਗੀ ਤਰ੍ਹਾਂ ਪਰਖ ਕਰਨਾ … ਪੜ੍ਹ ਕੇ ਜਾਣਨਾ'' (ਰੋਬਿਨਸਨ, 43)। [28]ਉਪਦੇਸ਼ (ਯੂ.: *parakaleo*)-''ਆਪਣੇ ਕੋਲ ਸੱਦਣਾ, ਤਸੱਲੀ, ਦਿਲਾਸਾ, ਭੀਖ, ਬੇਨਤੀ, ਤਰਲਾ, ਦਲੇਰੀ, ਜੋਸ਼, ਹਦਾਇਤ'' (ਥੇਅਰ, 482-83)। [29]ਸਿਖਾਉਣ ਵਾਲਾ (ਯੂ.: *didaskalos*)-''ਸਿੱਖਿਆ ਦੇਣ ਦੇ ਯੋਗ'' (ਥੇਅਰ, 144); ''ਉਸਤਾਦ, ਮਾਸਟਰ'' (ਰੋਬਿਨਸਨ, 178)। [30]ਲੱਗਾ ਰਹਿਣਾ (ਯੂ.: *proseche, prosecho* ਦਾ ਵਰਤਮਾਨ ਆਦੇਸ਼ਸੂਚਕ)-''ਨੇੜੇ ਲਿਆਉਣਾ … ਵਿਚ ਧਿਆਨ ਲਾਉਣਾ, ਧਿਆਨ ਦੇਣਾ … ਦੀ ਪਰਵਾਹ ਕਰਨਾ, ਉਪਾਅ ਕਰਨਾ, … ਆਪਣੀ ਰੱਖਿਆ ਕਰਨਾ ਭਾਵ ਖਬਰਦਾਰ ਹੋਣਾ … ਆਪਣੇ ਆਪ ਨੂੰ ਲਾਉਣਾ, ਆਪਣੇ ਆਪ ਨੂੰ ਜੋੜਨਾ, ਕਿਸੇ ਵਿਅਕਤੀ ਜਾਂ ਵਸਤੂ ਨੂੰ ਫ਼ੜਨਾ ਜਾਂ ਉਸ ਨਾਲ ਜੁੜਨਾ … ਆਦੀ ਹੋਣਾ, ਵਿਚਾਰ ਅਤੇ ਯਤਨ ਲਾਉਣਾ'' (ਥੇਅਰ, 546)।

[31]ਬੇਪਰਵਾਹ (ਯੂ.: *ameleo*)-''ਲਾਪਰਵਾਹ ਹੋਣਾ, ਧਿਆਨ ਨਾ ਦੇਣਾ … ਪਰਵਾਹ ਨਾ ਕਰਨਾ, ਨਜ਼ਰਅੰਦਾਜ ਕਰਨਾ'' (ਰੋਬਿਨਸਨ, 36)। [32]ਧਿਆਨ (ਯੂ.: *meletao*)-''… ਦੀ ਪਰਵਾਹ ਕਰਨਾ, ਕਿਸੇ ਵੀ ਚੀਜ਼ ਦਾ ਧਿਆਨ ਰੱਖਣਾ, ਕੁਝ ਕਰਨ ਦੇ ਯੋਗ ਹੋਣ ਲਈ'' (ਰੋਬਿਨਸਨ, 449); ''ਖੇਤੀ ਕਰਨਾ, ਮਿਹਨਤ ਕਰਨਾ … ਵਿਚਾਰ ਕਰਨਾ, ਧਿਆਨ ਕਰਨਾ'' (ਅਰਡੰਟ ਐਂਡ ਗਿੰਗਰਿਕ, 501)। [33]ਤਰੱਕੀ (ਯੂ.: *prokope, prokopto* [ਥੇਅਰ, 540])-''… ਅੱਗੇ ਵੱਲ ਜਾਣਾ … ਵਿਕਾਸ, ਵਾਧਾ'' (ਰੋਬਿਨਸਨ, 621)। [34]ਮੁਕਤੀ (ਯੂ.: *sozo*)-''… ਕੱਢਣਾ, ਖ਼ਤਰੇ, ਨੁਕਸਾਨ, ਬਰਬਾਦੀ ਤੋਂ ਬਚਾਅ ਕੇ ਸੁਰੱਖਿਅਤ ਰੱਖਣਾ … ਬੀਮਾਰ ਲੋਕਾਂ ਲਈ … ਮੌਤ ਤੋਂ ਬਚਾਉਣਾ, ਅਤੇ ਇਸ ਤਰ੍ਹਾਂ ਚੰਗਿਆਈ ਦੇ ਕੇ, ਸਹਿਤ ਮੋੜਨਾ … ਮੁਕਤੀ ਦੇ ਸਬੰਧ ਵਿਚ ਅਬਦੀ ਮੌਤ ਤੋਂ ਭਾਵ ਪਾਪ ਕਾਰਣ ਹੋਣ ਵਾਲੀ ਸਜ਼ਾ ਅਤੇ ਦੁੱਖ ਤੋਂ ਬਚਾਉਣਾ, ਹਮੇਸ਼ਾ ਦੀ ਜ਼ਿੰਦਗੀ ਦੇਣਾ'' (ਰੋਬਿਨਸਨ, 704)। [35]ਸੁਣਨ ਵਾਲਿਆਂ ਬਾਰੇ ਇੱਥੇ ਇਕ ਅਹਿਮ ਗੱਲ ਕਹੀ ਗਈ ਹੈ। ਧਿਆਨ ਦਿਓ ਕਿ ''ਸੁਣਨਾ'' (ਯੂ.: *akouo*) ਸ਼ਬਦ ਵਿਚ ਕਿਸੇ ਬੰਦਗੀ ਵਿਚ ਜਾਣ ਜਾਂ ''ਘਰ ਵਿਚ ਹੋਣ ਵਾਲੀ ਬਾਈਬਲ ਕਲਾਸ'' ਲਈ ਹਾਜ਼ਰੀ ਹੋਣ ਤੋਂ ਕਿਤੇ ਵੱਧ ਹੈ। ਇਸ ਦਾ ਮਤਲਬ ''ਕੀ ਗੱਲ ਹੈ ਜਾਂ ਨੂੰ ਕਿਹਾ ਗਿਆ ਹੈ ਉਸ ਤੇ ਵਿਚਾਰ ਕਰਨ … ਸਮਝਣ, ਉਸ ਦੇ ਅਰਥ ਨੂੰ ਮਹਿਸੂਸ ਕਰਨ … ਸਿੱਖਣ … ਰਸੂਲਾਂ ਦੀ ਸਿੱਖਿਆ ਨਾਲ ਮਸੀਹ ਦੇ ਰਾਹੀਂ ਜਾਣੂ ਹੋਣ ਲਈ ਭਾਗ ਲੈਣਾ ਹੈ, ਅਫ਼ਸੀਆਂ 4:21… ਧਿਆਨ ਦੇਣਾ, ਸੁਣਨਾ … ਸਮਝਣਾ ਅਤੇ ਸੁਣਨਾ ਅਤੇ ਹੁਕਮ ਮੰਨਣਾ'' (ਥੇਅਰ, 23)। ਜਿਹੜਾ ਸੱਚਾਈ ਨੂੰ ਇਸ ਤਰ੍ਹਾਂ ਸੁਣਦਾ ਅਤੇ ਮੰਨਦਾ ਹੈ ਉਹੀ ਹੈ ਜਿਹੜਾ ਬਚਾਇਆ ਜਾਵੇਗਾ (ਵੇਖੋ ਮੱਤੀ 7:21-27; ਯੂਹੰਨਾ 1:21-25)।